ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

ਨਵੰਬਰ ੧੯੯੪ MONTHLY **SURA** LUDHIANA NOVEMBER 1994

## ਕਲਿ ਤਾਰਣ ਗੁਰੁ ਨਾਨਕ ਆਇਆ

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰਿ ਇਕ ਦਿਖਾਇਆ ॥
ਚਾਰੇ ਪੈਰ ਧਰਮ ਦੇ, ਚਾਰ ਵਰਨ ਇਕ ਵਰਨੁ ਕਰਾਇਆ ॥
ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰੰਮ ਦਾ, ਪੈਰਾ ਉਪਰਿ ਸੀਸੁ ਨਿਵਾਇਆ ॥
ਕਲਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣ ਗੁਰੁ ਨਾਨਕ ਆਇਆ ॥੨੩॥

(ਭਾਈ ਗੁਰਦਾਸ ਜੀ, ਵਾਰ ੧/੨੩)

ਅਖੰਡ ਕੀਰਤਨੀ ਜਥਿਆਂ ਵਲੋਂ ਗੁਰੂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਗੁਰਪੁਰਬ ਜਲੰਧਰ ਵਿਖੇ ੧੬ ਤੋਂ ੧੯ ਨਵੰਬਰ, ੯੪ ਤੱਕ ਮਨਾਇਆ ਜਾ ਰਿਹਾ ਹੈ ।

www.AKJ.Org

# ਤਤਕਰਾ


| | | | |
|---|---|---|---|
| ੧. ਹਰਿ ਪਿਰ ਸੰਗਿ ਬੈਠੜੀਆਹ | ੧ | ੧੧. ਨਾਨਕ ਆਇਆ, ਨਾਨਕ ਆਇਆ (ਕਵਿਤਾ) | ੨੪ |
| ੨ ਸਦਾ ਸੁਖਦਾਈ, ਗੁਰਬਾਣੀ ਦਾ ਪਾਠ | ੩ | ੧੨. ਸਤਿਗੁਰ ਕੀ ਬਾਣੀ ਸਤਿ ਸਰੂਪ ਹੈ | ੨੫ |
| ੩. ਕਬਿਤ ਸਵੱਯੇ ਭਾਈ ਗੁਰਦਾਸ ਜੀ | ੫ | ੧੩. ਲਾਖ ਕਰੋਰੀ ਬੰਧੁ ਨ ਪਰੈ | ੨੬ |
| ੪. ਗੁਰੂ ਨਾਨਕ ਦੇਵ ਜੀ ਦਾ ਜੀਵਨ-ਉਦੇਸ਼ | ੮ | ੧੪. ਹਮ ਸੰਤਨ ਕੀ ਸਰਣਾ | ੨੮ |
| ੫ ਜੀਵਨ-ਬਿਉਰਾ ਸ੍ਰੀ ਗੁਰੂ ਨਾਨਕ ਦੇਵ ਜੀ | ੧੩ | ੧੫. ਰਿੱਧਿ ਸਿੱਧਿ | ੩੧ |
| ੬. ਬਾਬਾ ਗਿਆ ਬਗਦਾਦ ਨੂੰ | ੧੪ | ੧੬. ਬਾਝ ਗੁਰੂ ਡੁੱਬਾ ਸੰਸਾਰ (ਕਵਿਤਾ) | ੩੪ |
| ੭. ਮੇਰੇ ਨਾਨਕ ਦਾ ਨੂਰ ਹੈ (ਕਵਿਤਾ) | ੧੮ | ੧੭. ਗੁਰਦੁਆਰਿਆਂ ਵਿਚ ਪਤਾਸਿਆਂ ਦਾ ਪ੍ਰਸ਼ਾਦ | ੩੫ |
| ੮. ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ | ੧੯ | ੧੮. ਸਾਬਤ ਸੂਰਤ ਸਿਰ ਦਸਤਾਰ (ਕਵਿਤਾ) | ੩੬ |
| ੯. ਨੂਰੀ ਬੰਦੇ | ੨੩ | ੧੯. ਕੋਸਕੀ ਤੇ ਸਿੰਘਣੀਆਂ | ੩੬ |
| ੧੦. ਸਤਿਗੁਰ ਨਾਨਕ ਪ੍ਰਗਟਿਆ | ੨੪ | ੨੦. ਬਾਪੂ ਜੀ ਤੇ ਬੱਚੇ | ੩੭ |


ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੫ ਨਵੰਬਰ   ਜਨਮ ਭਗਤ ਨਾਮਦੇਵ ਜੀ ੧੩ ਨਵੰਬਰ

ਜੋਤੀ ਜੋਤਿ ਸਮਾਉਣ ਦਿਵਸ ਪਾਤਸ਼ਾਹੀ–੧੦ ੭-ਨਵੰਬਰ   ਪ੍ਰਕਾਸ਼ ਉਤਸਵ ਪਾਤਸ਼ਾਹੀ੧ ੧੮ ਨਵੰਬਰ

---

'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ ———

੧. ਲੁਧਿਆਣਾ – ੧. ਮੁੱਖ ਦਫਤਰ "ਸੂਰਾ"- ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ ।
੨. ਭਾਈ ਹਰਬੰਸ ਸਿੰਘ, ਬੰਬੇ ਮਾਈਕਰੋਨਿਕਸ, ਦੁਕਾਨ ਨੰ-੧੭ ਦੇ ਪਿਛੇ ਗੋਲ ਮਾਰਕੀਟ, ਮਾਡਲ ਟਾਊਨ, ਲੁਧਿਆਣਾ।

੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।

੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।

੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ ।

੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ ।

੬. ਜ਼ਿਲਾ ਸੰਗਰੂਰ – ਪਿੰਡ ਉਪੋਕੇ (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ ।

੭. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ ।

੮. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨ ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ ।

੯. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ ।

੧੦. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯, ੨੧੬੮੧ ।

੧੧. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦ ।

ਸੂਚਨਾ-ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ।

---

ਵਿਦੇਸ਼ ਵਿਚ ਸੂਰਾ ਦੇ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ :

ਭਾਈ ਗੁਰਨਾਮ ਸਿੰਘ

10, LAMBOURNE GARDENS, EARLEY READING, BERKS, U.K. TEL. : 0734-267900

---

ਗੁਰਮਤਿ ਪ੍ਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਮੈਂਬਰ ਬਣਾਓ ਜੀ ।

---


ਡਿਜ਼ਾਈਨ ਕਰਾਫ਼ਟ, ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ -ਫੋਨ : ਪ੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨ -ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾਸਿਕ **ਸੂਰਾ** ਪੱਤਰ

ਲੁਧਿਆਣਾ

ਸਾਲਾਨਾ ਚੰਦਾ
ਦੇਸ ੩੦-੦੦
ਇਕ ਪਰਚਾ ੩-੦੦
(ਪਰਦੇਸ ਸਾਰੇ)
ਸਾਲਾਨਾ ਚੰਦਾ
ਸਮੁੰਦਰੀ ਡਾਕ ੧੦੦-੦੦
ਹਵਾਈ ਡਾਕ ੩੦੦-੦੦
Foreign Subscription
Sea Mail 100-00
Air Mail 300-00
ਅਮਾਨਤੀ
ਲਾਈਫ਼ ਮੈਂਬਰ
ਦੇਸ ੩੦੦-੦੦
ਪਰਦੇਸ
ਸਮੁੰਦਰੀ ਡਾਕ ੧,੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੮ ਨਵੰਬਰ ੧੯੯੪ ਅੰਕ ੧੧


# ਹਰਿ ਪਿਰ ਸੰਗਿ ਬੈਠੜੀਆਹ

ਮੰਘਿਰਿ ਮਾਹਿ ਸੋਹੰਦੀਆ, ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ, ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ, ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ, ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ, ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ, ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ, ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ, ਬਹੁੜਿ ਨ ਜਨਮੜੀਆਹ ॥੧੦॥

(ਬਾਰਹਮਾਹਾ ਮਾਝ ਮ: ੫ ਪੰਨਾ-੧੩੫)

**ਪਦ ਅਰਥ:** ਮੰਘਿਰਿ ਮਾਹਿ-ਮੱਘਰ ਮਹੀਨੇ ਵਿੱਚ । ਸੋਹੰਦੀਆ-ਸੋਹਣੀਆਂ ਲਗਦੀਆਂ । ਪਿਰ ਸੰਗਿ-ਪਤੀ ਨਾਲ । ਕਿਆ ਗਣੀ-ਮੈਂ ਕੀ ਦੱਸਾਂ ? ਮਉਲਿਆ-ਖਿੜਿਆ ਹੋਇਆ । ਰਾਮ ਸਿਉ-ਪਰਮਾਤਮਾ ਨਾਲ। ਸੰਗਿ ਸਾਧ ਸਹੇਲੜੀਆਹ-ਸਤ ਸੰਗੀਆਂ ਨਾਲ । ਬਾਹਰੀ-ਬਿਨਾ । ਰਾਵਿਆ-ਸਾਥ ਮਾਣਿਆ । ਦਿਸਨਿ-ਦਿਸਦੀਆਂ ਹਨ। ਕੰਠਿ-ਗਲ ਵਿੱਚ ਭਾਵ ਹਿਰਦੇ ਵਿੱਚ । ਬਾਂਛੈ-ਮੰਗਦਾ ਹੈ । ਦਰਿ-ਦਰ ਉਤੇ । ਬਹੁੜਿ-ਮੁੜ । ਜਨਮੜੀਆਹ-ਜਨਮ ਮਰਨ ਦੇ ਚੱਕਰ ਵਿੱਚ ਪੈਣਾ ।



www.AKJ.Org

# ਅਰਥ ਵਿਆਖਿਆ

**ਅਰਥ** : ਮੱਘਰ ਮਹੀਨੇ ਵਿੱਚ ਪ੍ਰਭੂ-ਪਤੀ ਨਾਲ ਬੈਠੀਆਂ ਹੋਈਆਂ ਜੀਵ ਇਸਤ੍ਰੀਆਂ ਹੀ ਸੋਹਣੀਆਂ ਲਗਦੀਆਂ ਹਨ । ਉਨ੍ਹਾਂ ਦੀ ਸੋਭਾ (ਵਡਿਆਈ) ਬਿਆਨ ਤੋਂ ਬਾਹਰ ਹੈ ਜਿਨ੍ਹਾਂ ਨੂੰ ਮਾਲਕ- ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ । ਸਤ-ਸੰਗੀ ਸਹੇਲੀਆਂ ਦੀ ਸੰਗਤ ਵਿੱਚ ਉਨ੍ਹਾਂ ਦਾ ਤਨ ਤੇ ਮਨ ਸਦਾ ਖਿੜਿਆ ਰਹਿੰਦਾ ਹੈ ।

ਸਤਸੰਗੀਆਂ ਦੀ ਸੰਗਤ ਤੋਂ ਵਾਂਝੀਆਂ ਜੀਵ-ਇਸਤ੍ਰੀਆਂ ਇੱਕਲੀਆਂ ਹੀ ਰਹਿੰਦੀਆਂ ਹਨ । ਵਿਕਾਰਾਂ ਕਾਰਨ ਉਪਜੇ ਉਨ੍ਹਾਂ ਦੇ ਦੁਖ ਕਦੇ ਨਹੀਂ ਦੂਰ ਹੁੰਦੇ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪ੍ਰਭੂ-ਪਤੀ ਦਾ ਸੰਗ ਸਾਥ ਮਾਣਿਆ ਹੈ ਉਹ ਵਿਕਾਰਾਂ ਦੇ ਹੱਲੇ ਤੋਂ ਹਮੇਸ਼ਾ ਸੁਚੇਤ (ਖਬਰਦਾਰ) ਰਹਿੰਦੀਆਂ ਹਨ । ਵਿਕਾਰ ਉਨ੍ਹਾਂ ਦੇ ਨੇੜੇ ਨਹੀਂ ਆ ਸਕਦੇ ਕਿਉਂਕਿ ਉਨ੍ਹਾਂ ਨੇ ਹਰਿ - ਨਾਮ ਰੂਪੀ ਹੀਰੇ, ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿੱਚ ਪਾਇਆ ਹੁੰਦਾ ਹੈ ।

ਨਾਨਕ ਮੋਹਰ ਛਾਪ ਹੇਠ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਉਨ੍ਹਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦੇ ਹਨ ਜੋ ਪ੍ਰਭੂ ਦੇ ਦਰ ਤੇ ਢੱਠੇ ਰਹਿੰਦੇ ਹਨ, ਉਸ ਦੀ ਸ਼ਰਨ ਵਿੱਚ ਰਹਿੰਦੇ ਹਨ । ਮੱਘਰ ਦੇ ਠੰਡੇ ਮਿੱਠੇ ਮਹੀਨੇ ਵਿੱਚ ਪ੍ਰਭੂ ਦੀ ਆਰਾਧਨਾ ਕਰਨ (ਨਾਮ ਜਪਣ) ਨਾਲ ਮੁੜਕੇ ਜਨਮ ਮਰਨ ਦਾ ਚੱਕਰ ਨਹੀਂ ਪੈਂਦਾ ।

**ਵਿਆਖਿਆ** :- ਇਸ ਸ਼ਬਦ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੋ ਪ੍ਰਕਾਰ ਦੀਆਂ ਜੀਵ-ਇਸਤ੍ਰੀਆਂ ਦਾ ਜ਼ਿਕਰ ਕਰਦੇ ਹਨ । ਇੱਕ ਉਹ ਹਨ ਜੋ ਪ੍ਰਭੂ-ਪਤੀ ਨਾਲ ਮਿਲੀਆਂ ਹੋਈਆਂ ਹਨ ਅਤੇ ਉਸ ਦੇ ਸੰਗ ਸਾਥ ਰਹਿੰਦੀਆਂ ਹਨ, ਦੂਜੀਆਂ ਉਹ ਹਨ ਜੋ ਪ੍ਰਭੂ ਤੋਂ ਵਿੱਛੜੀਆਂ ਹੋਈਆਂ ਹਨ, ਛੁੱਟੜਾਂ ਵਾਂਗ ਇੱਕਲੀਆਂ ਹੀ ਦਿਨ ਕਟੀ ਕਰਦੀਆਂ ਹਨ । ਪ੍ਰਭੂ-ਪਤੀ ਨਾਲ ਮਿਲੀਆਂ ਹੋਈਆਂ ਜੀਵ-ਇਸਤ੍ਰੀਆਂ ਸਦਾ ਅਨੰਦ ਵਿੱਚ ਰਹਿੰਦੀਆਂ ਹਨ, ਗੁਰਮੁਖ ਸਖੀ ਸਹੇਲੀਆਂ ਦੀ ਸੰਗਤ ਵਿੱਚ ਉਨ੍ਹਾਂ ਦਾ ਤਨ ਮਨ ਖਿੜਿਆ ਰਹਿੰਦਾ ਹੈ, ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪ [illegible]ਾਂ ਤੋਂ ਹਮੇਸ਼ਾ ਖਬਰਦਾਰ ਰਹਿੰਦੀਆਂ ਹਨ । ਉਨ੍ਹਾਂ ਨੇ ਨਾ[illegible] ਰੂਪ ਹਾਰ ਆਪਣੇ ਗਲ ਵਿੱਚ ਪਾਇਆ ਹੋਇਆ ਹੈ ਜਿਸ ਸਦਕਾ ਵਿਕਾਰ ਉਨ੍ਹਾਂ ਤੇ ਹੱਲਾ ਨਹੀਂ ਬੋਲ ਸਕਦੇ, ਉਨ੍ਹਾਂ ਦੀ ਝਾਲ ਨਹੀਂ ਝੱਲ ਸਕਦੇ, ਸਗੋਂ ਉਹ ਵਿਕਾਰ/ਪੰਜ ਚੋਰ ਉਨ੍ਹਾਂ ਦੇ ਦਬੇਲ ਰਹਿੰਦੇ ਹਨ । ਪ੍ਰਭੂ ਸੁਆਰੀਆਂ ਅਜੇਹੀਆਂ ਜੀਵ ਇਸਤ੍ਰੀਆਂ ਦੀ ਵਡਿਆਈ ਕਥੀ ਨਹੀਂ ਜਾ ਸਕਦੀ, ਉਹ ਪਤੀ-ਪ੍ਰਭੂ ਨਾਲ ਬੈਠੀਆਂ ਸੋਹਣੀਆਂ ਲਗਦੀਆਂ ਹਨ । ਅਜੇਹੀਆਂ ਜੀਵ-ਇਸਤ੍ਰੀਆਂ ਸੋਹਾਗਣਾਂ ਹਨ—

**ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ।। ੯।।** (ਪੰਨਾ–੭੨)

ਅਤੇ

**ਸਦਾ ਸੋਹਾਗਣਿ ਜੋ ਪ੍ਰਭ ਭਾਵੈ ।।**
**ਗੁਰ ਸਬਦੀ ਸੀਗਾਰੁ ਬਣਾਵੈ ।।** (ਪੰਨਾ–੩੬੩)

ਗੁਰਮੁਖ ਸਖੀ ਸਹੇਲੀਆਂ ਦੀ ਸੰਗਤ ਤੋਂ ਘੁੱਥੀਆਂ ਜੀਵ-ਇਸਤ੍ਰੀਆਂ ਖੇਤ ਵਿੱਚ ਸੜੇ ਹੋਏ ਤਿਲਾਂ ਦੇ ਬੂਟੇ ਵਾਂਗ ਇੱਕਲੀਆਂ ਹੀ ਰਹਿੰਦੀਆਂ ਹਨ, ਵਿਕਾਰਾਂ ਦੇ ਵੱਸ ਪੈ ਕੇ ਉਹ ਸਾਰੀ ਉਮਰ ਦੁਖ ਹੀ ਭੋਗਦੀਆਂ ਹਨ ਅਤੇ ਅੰਤ ਵੇਲੇ ਜਮਾਂ ਦੇ ਵੱਸ ਪੈਂਦੀਆਂ ਹਨ ਤੇ ਉਨ੍ਹਾਂ ਦੇ ਡੰਡੇ ਸਹਿੰਦੀਆਂ ਹਨ । ਅਜੇਹੀਆਂ ਜੀਵ-ਇਸਤ੍ਰੀਆਂ ਨੂੰ ਦੋਹਾਗਣੀਆਂ ਕਿਹਾ ਜਾਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੋਹਾਗਣੀ ਨੂੰ ਇਉਂ ਬਿਆਨ ਕਰਦੇ ਹਨ—

**ਦੋਹਾਗਣੀ ਕਿਆ ਨੀਸਾਣੀਆ ।।**
**ਖਸਮਹੁ ਘੁਥੀਆ ਫਿਰਹਿ ਨਿਮਾਣੀਆ ।।**
**ਮੈਲੇ ਵੇਸ ਤਿਨਾ ਕਾਮਣੀ,**
**ਦੁਖੀ ਰੈਣਿ ਵਿਹਾਇ ਜੀਉ ।। ੧।।** (ਪੰਨਾ–੭੨)

ਅਤੇ

**ਦੋਹਾਗਣੀ ਖਰੀਆ ਬਿਲਲਾਦੀਆ ਤਿਨਾ**
**ਮਹਲੁ ਨ ਪਾਇ ।।**
**ਦੂਜੈ ਭਾਇ ਕਰੂਪੀ, ਦੁਖੁ ਪਾਵਹਿ ਆਗੈ ਜਾਇ ।।੨।।**
(ਪੰਨਾ-੫੫੯)

ਦੋਹਾਗਣੀਆਂ ਭਾਵੇਂ ਕਿੰਨਾ ਵੀ ਹਾਰ ਸ਼ਿੰਗਾਰ ਕਰ ਲੈਣ, ਉਹ ਮਾਇਆ ਦੇ ਪੰਜ ਚੌਧਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਦਬੇਲ, ਕਰੂਪ ਹੀ ਨਜ਼ਰ ਆਉਂਦੀਆਂ ਹਨ, ਉਹ ਗੁਰਮੁਖ ਸਖੀ ਸਹੇਲੀਆਂ ਦੇ ਕੁਦਰਤੀ ਰੂਪ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਜਿਨ੍ਹਾਂ ਨੇ ਹਰਿ-ਨਾਮ ਰੂਪ ਹਾਰ ਗਲ ਵਿੱਚ ਪਾਇਆ ਹੋਇਆ ਹੈ । ਸਤਿਗੁਰੂ ਰਾਮ ਦਾਸ ਜੀ ਗੁਰਮੁਖਾਂ ਦੇ ਦਰਸ਼ਨਾਂ ਤੇ ਚਰਨ ਧੂੜੀ ਨੂੰ ਲੋਚਦੇ ਹਨ ਜਿਹੜੇ ਹਰ ਵੇਲੇ ਪ੍ਰਭੂ ਦੀ ਯਾਦ ਆਪਣੇ ਹਿਰਦੇ ਵਿੱਚ ਵਸਾਈ ਰੱਖਦੇ ਹਨ—

**ਬਾਕੀ ਪੰਨਾ ੪ ਉਤੇ**



www.AKJ.Org

# ਸਦਾ ਸੁਖਦਾਈ ਗੁਰਬਾਣੀ ਦਾ ਪਾਠ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਪ੍ਰੀਤ ਲੜੀਂ ਦੇ ਉਟੰਕਣ ਦਾ ਉੱਤਰ ਦੇਂਦੇ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਦੇ ਹਨ:-

ਉਟੰਕਣ:- ਮਸ਼ੀਨ ਵਾਂਗ ਬਿਨਾਂ ਜਿੰਦਗੀ ਵਿਚ ਘਟਾਏ ਦੇ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਵੀ ਲਾਭ ਦੀ ਥਾਂ ਹਾਨੀ ਪੁਚਾਂਦਾ ਹੈ।

ਉਤਰ:- ਇਸ ਦਾ ਸਾਫ ਭਾਵ ਹੈ ਕਿ ਬਾਣੀ ਨੂੰ ਜਿੰਦਗੀ ਵਿਚ ਘਟਾਉਣਾ ਚਾਹੀਦਾ ਹੈ। ਜਿੰਦਗੀ ਵਿਚ ਘਟਾਏ ਬਿਨ੍ਹਾਂ ਚੰਗੀ ਤੋਂ ਚੰਗੀ ਬਾਣੀ ਦਾ ਪਾਠ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹੈ। ਅਸੀ ਪਹਿਲਾਂ ਪ੍ਰੀਤ ਲੜੀਏ ਸੱਜਣ ਤੋਂ ਪੁਛਦੇ ਹਾਂ ਕਿ ਬਾਣੀ ਨੂੰ ਪਹਿਲਾਂ ਜ਼ਿੰਦਗੀ ਵਿਚ ਘਟਾਉਣਾ ਚਾਹੀਦਾ ਹੈ ਤੇ ਪਿਛੋਂ ਪਾਠ ਕਰਨਾ ਚਾਹੀਦਾ ਹੈ, ਯਾ ਪਹਿਲੇ ਪਾਠ ਕਰੀਦਾ ਹੈ ਤੇ ਪਿਛੋਂ ਜਿੰਦਗੀ ਵਿਚ ਘਟਾਈਦਾ ਹੈ?

ਪ੍ਰੀਤ ਲੜੀਏ ਸੱਜਣ ਦੀ ਮੰਤਕੀ ਫਿਲਾਸਫ਼ੀ ਅਨੁਸਾਰ ਜੇ ਤਾਂ ਬਾਣੀ ਨੂੰ ਜਿੰਦਗੀ ਵਿਚ ਹੀ ਪਹਿਲਾਂ ਘਟਾਇਆ ਜਾਏ ਤਾਂ ਫਿਰ ਉਨ੍ਹਾਂ ਦੇ ਨਿਸਚੇ ਅਨੁਸਾਰ ਬਾਣੀ ਦੇ ਪਾਠ ਕਰਨ ਦੀ ਹੀ ਲੋੜ ਨਹੀਂ, ਬਸ ਬਾਣੀ ਦਾ ਭਾਵ ਜ਼ਿੰਦਗੀ ਵਿਚ ਘਟ ਗਿਆ। ਪਰ ਸਵਾਲ ਇਹ ਹੈ ਕਿ ਬਾਣੀ ਦੇ ਪਾਠ ਕੀਤੇ ਬਾਝੋਂ ਬਾਣੀ ਐਵੇਂ ਹੀ ਕਿਵੇਂ ਕਿਸੇ ਦੀ ਜ਼ਿੰਦਗੀ ਵਿਚ ਘਟ ਜਾਊ? ਸਿਰਫ਼ ਇਕ ਵਾਰ ਬਾਣੀ ਦਾ ਪਾਠ ਕੀਤਾ ਭਾਵੇਂ ਕਿਤਨੀ ਹੀ ਸੋ ਕਾਲਡ (so called) ਵੀਚਾਰ ਦੁਆਰਾ ਕੀਤਾ ਜਾਏ, ਕਦੇ ਵੀ ਕਿਸੇ ਦੀ ਜ਼ਿੰਦਗੀ ਵਿਚ ਨਹੀਂ ਘਟ ਸਕਦਾ।

ਉਦਾਹਰਣ - ਗੁਰਬਾਣੀ ਦਾ ਪਾਠ ਇਉਂ ਆਉਂਦਾ ਹੈ -

**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ**
**ਸਾਸਿ ਸਾਸਿ ਸਮਾਲੇ ॥੧॥੧॥੩੨॥**

(ਧਨਾਸਰੀ ਮ. ੫ ਪੰਨਾ ੬੭੯)

ਦੱਸੋ, ਜਦੋਂ ਇਸ ਗੁਰਵਾਕ ਰੂਪੀ ਬਾਣੀ ਦਾ ਪਾਠ ਨਹੀਂ ਕਰਾਂਗੇ ਤਾਂ ਐਵੇਂ ਹੀ ਇਹ ਬਾਣੀ ਬਿਨਾਂ ਪਾਠਕੀਤੇ ਜ਼ਿੰਦਗੀ ਵਿਚ ਕਿਵੇਂ ਘਟ ਜਾਵੇਗੀ, ਇਕ ਵਾਰ ਪੜ੍ਹੇ ਤੇ ਹੀ ਨਹੀਂ ਘਟਣੀ। ਜਦ ਤਾਈਂ ਬਾਰ ਬਾਰ ਇਸ ਬਾਣੀ ਦਾ ਪਾਠ ਨਾ ਕੀਤਾ ਜਾਵੇ, ਤਦ ਤਕ ਇਸ ਦਾ ਭਾਵ ਹੀ ਕਿਸੇ ਨੂੰ ਪ੍ਰਭਾਵਤ ਨਹੀਂ ਕਰ ਸਕਦਾ, ਜ਼ਿੰਦਗੀ ਵਿਚ ਤਾਂ ਕੀ ਘਟਣਾ ਸੀ। ਇਸ ਗੁਰਵਾਕ ਦਾ ਭਾਵ ਗੁਰਬਾਣੀ ਦੇ ਇਸ ਹੁਕਮ ਨੂੰ ਨਿਰੂਪਣ ਕਰਾਉਂਦਾ ਹੈ। ਕਿ ਨਾਮ ਨੂੰ ਸਿਮਰਹੁ ਅਤੇ ਸਿਮਰੀ ਜਾਓ ਅਤੇ ਸਿਮਰ ਸਿਮਰ ਕੇ ਸੁਖ ਪਾਵਹੁ, ਅਤੇ ਸਿੱਖ ਜਗਿਆਸੂ ਨੂੰ ਚਾਹੀਦਾ ਹੈ ਕਿ ਸੁਆਸ ਸੁਆਸ, ਖਿਨ ਖਿਨ ਸਿਮਰੀ ਜਾਏ। ਇਹ ਬਾਣੀ ਦਾ ਜ਼ਿੰਦਗੀ ਵਿਚ ਘਟਾਉਣਾ ਹੈ।

ਗੁਰੂ ਰੂਪ ਬਾਣੀ ਇਹ ਗੱਲ ਦ੍ਰਿੜਾਉਂਦੀ ਹੈ ਕਿ ਸਿਖ ਸੇਵਕ ਬਾਰੰਬਾਰ ਰਸਨਾ ਦੁਆਰਾ, ਖਿਨ ਖਿਨੁ, ਸੁਆਸਾਂ ਦੁਆਰਾ ਅਤੇ ਸੁਆਸ ਸੁਆਸ ਸੁਰਤੀ ਦੁਆਰਾ ਨਾਮ ਦਾ ਸਿਮਰਨ, ਕੇਵਲ ਨਾਮ ਦਾ ਸਿਮਰਨ ਹੀ ਕਰੇ। ਇਸ ਨਾਮ ਦੇ ਸੁਆਸ ਸੁਆਸ ਸਿਮਰਨ ਰੂਪੀ ਗੁਰ - ਹੁਕਮਾਈ ਸਚਾਈ ਨੂੰ ਦ੍ਰਿੜ੍ਹ ਕਰਨ ਹਿਤ ਅਤੇ ਜ਼ਿੰਦਗੀ ਵਿਚ ਘਟਾਉਣ ਹਿਤ ਗੁਰ - ਹੁਕਮਾਂ ਦੇ ਦਰਸਾਵਨੀ ਗੁਰਬਾਣੀ ਦਾ ਪਾਠ ਕਰਨਾ ਸੁਣਨਾ ਪਰਮ ਜ਼ਰੂਰੀ ਹੈ। ਦੁਨਿਆਵੀ ਕੂੜਾਵੇ ਬਿਉਹਾਰਾਂ ਕਾਰਾਂ ਵਿਚ ਅਤੇ ਮਾਇਆਵੀ ਕੱਚੇ ਕੱਚਪਿਲੇ ਆਲੂਦਾ ਖਿਆਲਾਂ ਵਿਚ ਖਚਿਤ ਹੋਏ ਜਗਿਆਸੂ ਨੂੰ ਕੇਵਲ ਇਕ ਵਾਰ ਅਤੇ ਪਹਿਲੀ ਵਾਰ ਹੀ ਕੀਤੇ ਗੁਰਬਾਣੀ ਦੇ ਪਾਠ ਤੋਂ ਬਾਰੰਬਾਰ ਨਾਮ ਸਿਮਰਨ ਵਾਲੀ ਸਚਾਈ ਦ੍ਰਿੜ੍ਹ ਨਹੀਂ ਹੋ ਸਕਦੀ, ਨਾ ਹੀ ਜ਼ਿੰਦਗੀ ਵਿਚ ਘਟ ਸਕਦੀ ਹੈ। ਉਹ ਖਿਨ ਖਿਨ ਭੁੱਲਦਾ ਹੈ ਅਤੇ ਭੁੱਲ ਭੁੱਲ ਜਾਂਦਾ ਹੈ ਅਤੇ ਸਾਰਾ ਦਿਨ ਸਾਰੀ ਰਾਤ ਭੁਲਿਆਂ ਹੀ ਰਹਿੰਦਾ ਹੈ, ਜਦ ਤਾਈਂ ਫੇਰ ਗੁਰੂ ਰੂਪੀ ਬਾਣੀ ਦੀ ਸ਼ਰਨਾਗਤ ਆ ਕੇ ਗੁਰਵਾਕ ਰੂਪੀ ਬਾਣੀ ਦੇ ਪਾਠ ਰੂਪ ਚਾਬਕ - ਬਾਣ ਨਹੀਂ ਸ ਂਦਾ। ਇਹ ਚਾਬਕ ਜਿਉਂ ਜਿਉਂ ਉਸ ਦੇ ਲਗਦੇ ਹਨ ਤਿਉਂ ਤਿਉਂ ਉਹ ਸੁਆਸ ਸੁਆਸ ਨਾਮ - ਸਿਮਰਨ ਲਈ ਤਤਪਰ ਹੁੰਦਾ ਜਾਂਦਾ ਹੈ।

ਤਾਂ ਤੇ ਬਾਣੀ ਦੇ ਪਾਠ ਕੀਤੇ ਹੀ ਅਤੇ ਬਾਰੰਬਾਰ ਪਾਠ ਕੀਤੇ ਹੀ, ਬਾਣੀ, ਜ਼ਿੰਦਗੀ ਵਿਚ ਘਟਦੀ ਹੈ। ਗੁਰਬਾਣੀ ਦਾ ਜ਼ਿੰਦਗੀ ਵਿਚ ਘਟਣ - ਘਟਾਉ ਇਹੋ ਹੈ ਕਿ ਬਾਣੀ ਦੇ ਪਾਠ ਕਰਨਹਾਰਾ ਸੁਆਸ ਸੁਆਸ ਨਾਮ ਨੂੰ ਸਿਮਰੇ ਅਤੇ ਇਕ ਖਿਨ ਭੀ ਨਾ ਵਿਸਾਰੇ। ਗੁਰਬਾਣੀ ਦੇ ਹੋਰ ਹੁਕਮ ਮੰਨਣ ਅਤੇ ਮੰਨ ਕੇ ਜ਼ਿੰਦਗੀ ਵਿਚ ਘਟਾਉਣੇ ਸਚਿਆਰ ਸਿੱਖ ਨੂੰ ਪਰਮ ਜ਼ਰੂਰੀ ਹਨ, ਪਰ ਪਾਰਸ ਰੂਪ ਬਾਣੀ ਦਾ ਨਿਰਾ ਪਾਠ ਕਰੀ ਜਾਣਾ ਹੀ ਬਾਣੀ ਦੇ ਪਾਠ



www.AKJ.Org

ਕਰਨਹਾਰੇ ਦੀ ਜ਼ਿੰਦਗੀ ਨੂੰ ਆਪਣੀ ਪਾਰਸ - ਰਸਾਇਣੀ ਕਲਾ ਦੁਆਰਾ ਪਾਰ ਕਰਨ ਲਈ ਸਮਰਥ ਹੈ। ਗੁਰਵਾਕ

**ਗੁਰਬਾਣੀ ਗਾਵਹ ਭਾਈ।।**
**ਓਹ ਸਫਲ ਸਦਾ ਸੁਖਦਾਈ।।**
(ਸੋਰਠਿ ਮ: ੫ ਪੰਨਾ ੬੨੮)

ਅਤੇ

**ਪ੍ਰਭ ਬਾਣੀ ਸਬਦੁ ਸੁਭਾਖਿਆ।।**
**ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ।। ਰਹਾਉ।।੧।।** (ਸੋਰਠਿ ਮ: ੫ ਪੰਨਾ ੬੧੧)

ਰੂਪੀ ਅਨੇਕਾਂ ਗੁਰਵਾਕ ਹਨ, ਜੋ ਗੁਰਬਾਣੀ ਦੇ ਮਹਿਜ਼ ਪੜ੍ਹਨ ਸੁਣਨ ਅਤੇ ਗਾਵਣ ਨੂੰ ਹੀ ਸਫਲ ਸਦਾ ਸੁਖਦਾਈ ਸਾਬਤ ਕਰਦੇ ਹਨ। ਗੁਰਬਾਣੀ ਦਸਦੀ ਹੈ, ਦ੍ਰਿੜ੍ਹਾਉਂਦੀ ਹੈ ਅਤੇ ਭਜਨ ਪਾਠ ਕਰਨ ਦਾ ਜੀਵਨ - ਤਜਰਬਾ ਦਸਦਾ ਦ੍ਰਿੜ੍ਹਾਉਂਦਾ ਹੈ ਕਿ ਗੁਰਬਾਣੀ ਦਾ ਪਾਠ ਅਤੇ ਨਾਮ ਦਾ ਭਜਨ- ਸਿਮਰਨ ਜ਼ੋਰੋ ਜ਼ੋਰ ਜਿਉਂ ਜਿਉਂ ਮਸ਼ੀਨ ਵਾਗ ਕੀਤਾ ਜਾਵੇ ਤਿਉਂ ਤਿਉਂ ਅੰਮ੍ਰਿਤ ਬਾਣੀ ਦੀ ਪਾਰਸ ਕਲਾ ਬਹੁਤੀ ਛੇਤੀ ਵਰਤਦੀ ਹੈ ਅਤੇ ਜੀਵਨ ਨੂੰ ਪਾਰਸ ਬਣਾਉਣ ਵਾਲੀ ਘਟਨਾ ਵਿਚ ਘਟਾਉਂਦੀ ਹੈ। ਚੰਗੀ ਤੋਂ ਚੰਗੀ ਬਾਣੀ, ਬਾਣੀਆਂ ਸਿਰ ਬਾਣੀ, ਅੰਮ੍ਰਿਤ ਕਲਾ ਸੰਪਨ ਗੁਰਬਾਣੀ ਤਾਂ ਇਹ ਦ੍ਰਿੜ੍ਹਾਂਦੀ ਹੈ ਕਿ ਗੁਰਬਾਣੀ ਦਾ ਰਸਨ ਰਟਨ ਮਾਤਰੀ ਪਾਠ ਤੇ ਮਸ਼ੀਨ - ਮਤਵਾਤਰੀ ਭਜਨ ਕੀਰਤਨ ਸਦਾ ਸਫਲ ਅਤੇ ਸੁਖਦਾਈ ਹੈ। ਪਰ ਪ੍ਰੀਤ ਲੜੀ ਦੇ ਫਿਲਾਸਫਰ ਇਹ ਦਸਦੇ ਹਨ ਕਿ ਮਸ਼ੀਨ ਵਾਂਗ ਕੀਤੇ ਚੰਗੀ ਤੋਂ ਚੰਗੀ ਬਾਣੀ ਦੇ ਪਾਠ ਦਾ ਲਾਭ ਕੁਝ ਨਹੀਂ, ਹਾਨੀ ਹੀ ਹਾਨੀ ਹੈ।"

(ਟ੍ਰੈਕਟ ਸ਼ੰਕਿਆਂ ਦੇ ਉੱਤਰ ਵਿਚੋਂ)

> ਇਕਿ ਮੂਰਖ ਅੰਧੇ ਮੁਗਧ ਗਵਾਰ ।।
> ਇਕਿ ਸਤਿਗੁਰ ਕੈ ਭੈ ਨਾਮ ਅਧਾਰ ।।
> ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ।।
> ਜਿਨਿ ਪੀਤੀ ਤਿਸੁ ਮੋਖ ਦੁਆਰ ।।੫।।
>
> (ਪੰਨਾ ੧੨੭੫)

(ਪੰਨਾ-੨ ਦੀ ਬਾਕੀ)

**ਜੋ ਗੁਰਮੁਖਿ ਨਾਮੁ ਧਿਆਇਦੇ, ਤਿਨ ਦਰਸਨੁ ਦੀਜੈ ।।**
**ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ।।੧੨।।** (ਪੰਨਾ-੭੨੬)

ਪੰਚਮ ਪਾਤਸ਼ਾਹ ਸਾਨੂੰ ਮੱਘਰ ਮਹੀਨੇ ਦੀ ਠੰਡੀ ਮਿੱਠੀ ਰੁੱਤ ਵਿੱਚ ਨਾਮ ਸਿਮਰਨ ਦਾ ਆਦੇਸ਼ ਦਿੰਦੇ ਹਨ ਕਿਉਂਕਿ —

**ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ ।।**
**ਸਾਈ ਘੜੀ ਸੁਲਖਣੀ, ਸਿਮਰਤ ਹਰਿ ਨਾਮ ।।**
**੧।। ਰਹਾਉ ।।** (ਪੰਨਾ-੮੧੯)

ਗੁਰਮੁਖ ਜਨਾਂ ਦੀ ਸੰਗਤਿ ਵਿੱਚ ਟਿਕੇ ਰਹਿਣ ਨਾਲ ਆਤਮਕ ਅਡੋਲਤਾ ਦਾ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ । ਮਨੁੱਖਾ ਜੀਵਨ ਵਿੱਚ ਉਹੀ ਘੜੀ ਭਾਗਾਂ ਵਾਲੀ ਹੁੰਦੀ ਹੈ ਜਦੋਂ ਬੰਦਾ ਗੁਰਮੁਖਾਂ ਦੀ ਸੰਗਤ ਵਿੱਚ ਰਹਿ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ ਜਿਸ ਸਦਕਾ ਆਤਮਾ ਦਾ ਪਰਮਆਤਮਾ (ਪਰਮਾਤਮਾ) ਨਾਲ ਮੇਲ ਹੋ ਜਾਂਦਾ ਹੈ ਅਤੇ ਚਿਹਰਾ ਦਗ ਦਗ ਕਰਨ ਲੱਗ ਪੈਂਦਾ ਹੈ । ਅਜੇਹੀ ਜੀਵ-ਇਸਤ੍ਰੀ ਹੀ ਸੋਹਾਗਣ ਹੈ । ਗੁਰੂ ਅਰਜੁਨ ਦੇਵ ਜੀ ਅਜੇਹੀ ਜੀਵ ਇਸਤ੍ਰੀ ਦਾ ਨਕਸ਼ਾ ਇਉਂ ਬਿਆਨ ਹਨ--

**ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ।।**
**ਤਿਤੁ ਘਰਿ ਸਖੀਏ ਮੰਗਲੁ ਗਾਇਆ ।।**
**ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ।।੧।।**
**ਸਾ ਗੁਣਵੰਤੀ, ਸਾ ਵਡਭਾਗਣਿ ।।**
**ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ।।**
**ਰੂਪਵੰਤਿ ਸਾ ਸੁਘੜਿ ਬਿਚਖਣਿ,**
**ਜੋ ਧਨ ਕੰਤ ਪਿਆਰੀ ਜੀਉ ।।੨।।**
**ਅਚਾਰਵੰਤਿ ਸਾਈ ਪਰਧਾਨੇ ।।**
**ਸਭ ਸਿੰਗਾਰ ਬਣੇ ਤਿਸੁ ਗਿਆਨੇ ।।**
**ਸਾ ਕੁਲਵੰਤੀ, ਸਾ ਸਭਰਾਈ,**
**ਜੋ ਪਿਰਿ ਕੈ ਰੰਗਿ ਸਵਾਰੀ ਜੀਉ ।।੩।।**
**ਮਹਿਮਾ ਤਿਸ ਕੀ ਕਹਣੁ ਨ ਜਾਏ,**
**ਜੋ ਪਿਰਿ ਮੇਲਿ ਲਈ ਅੰਗਿ ਲਾਏ ।।**
**ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ**
**ਜਨ ਨਾਨਕ ਪ੍ਰੇਮ ਸਾਧਾਰੀ ਜੀਉ ।।੪।।੪।।੧੧।।**
(ਪੰਨਾ-੯੭)



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੩੧)

ਪੂਰਨ ਬ੍ਰਹਮ ਗੁਰ ਚਰਨ ਕਮਲ ਜਸ,
ਆਨਦ ਸਹਜ ਸੁਖ ਬਿਸਮ ਕੋਟਾਨਿ ਹੈ।।
ਕੋਟਿਨ ਕੋਟਾਨਿ ਸੋਭ ਲੋਭ ਕੈ ਲੁਭਿਤ ਹੋਇ,
ਕੋਟਿਨ ਕੋਟਾਨਿ ਛਬਿ ਛਬਿ ਕੈ ਲੁਭਾਨ ਹੈ।
ਕੋਮਲਤਾ ਕੋਟਿ ਲੋਟ – ਪੋਟ ਹੁਇ ਕੋਮਲਤਾ ਕੈ,
ਸੀਤਲਤਾ ਕੋਟਿ ਓਟ ਚਾਹਤ ਹਿਰਾਨ ਹੈ।।
ਅੰਮ੍ਰਿਤ ਕੋਟਾਨਿ ਅਨਹਦ ਗਦ ਗਦ ਹੋਤ,
ਮਨ ਮਧੁਕਰ ਤਿਹ ਸੰਪਟ ਸਮਾਨ ਹੈ।।੧੩੧।।

**ਪਦ ਅਰਥ:**- ਪੂਰਨ ਬ੍ਰਹਮ ਗੁਰ - ਪੂਰਨ ਬ੍ਰਹਮ ਵਾਹਿਗੁਰੂ ਸਰੂਪ ਸਤਿਗੁਰੂ। ਜਸ - ਸੋਭਾ, ਵਡਿਆਈ। ਬਿਸਮ - ਹੈਰਾਨ, ਚਕ੍ਰਿਤ। ਕੋਟਾਨਿ - ਕਰੋੜਾਂ। ਕੋਟਿਨ, ਕੋਟਾਨਿ - ਕਰੋੜਾਂ ਹੀ ਕਰੋੜਾਂ। ਸੋਭ - ਸੋਭਾ। ਲੁਭਿਤ -ਲੁਭਾਇਮਾਨ। ਛਬਿ - ਸੁੰਦਰਤਾ। ਲੁਭਾਨ - ਲੁਭਾਇਮਾਨ। ਲੋਟ ਪੋਟ ਹੁਇ - ਨਿਛਾਵਰ ਹੋਣਾ, ਵਾਰਨੇ ਜਾਣਾ। ਓਟ - ਸ਼ਰਨ, ਆਸਰਾ। ਹਿਰਾਨ - ਹੈਰਾਨ। ਅਨਹਦ - ਇਕ ਰਸ, ਲਗਾਤਾਰ। ਮਧੁਕਰ - ਭੌਰਾ। ਸੰਪਟ - ਡੱਬਾ। ਸਮਾਨ - ਸਮਾਣਾ।

**ਅਰਥ:**- ਪੂਰਨ ਬ੍ਰਹਮ ਵਾਹਿਗੁਰੂ ਰੂਪ ਸਤਿਗੁਰੂ ਦੇ ਚਰਨ ਕਮਲਾਂ ਦੀ ਜਸ - ਕੀਰਤੀ ਦੇ ਸਹਜ-ਅਨੰਦ ਅੱਗੇ (ਦੁਨੀਆ ਭਰ ਦੇ) ਕਰੋੜਾਂ ਸੁਖ ਚਕ੍ਰਿਤ ਹਨ।

(ਸਤਿਗੁਰੂ ਦੇ ਚਰਨ ਕਮਲਾਂ ਦੀ) ਸੋਭਾ ਤੇ (ਦੁਨੀਆ ਭਰ ਦੀਆਂ) ਕਰੋੜਾਂ ਹੀ ਸੋਭਾ ਲੁਭਾਇਮਾਨ ਹਨ ਅਤੇ ਕਰੋੜਾਂ ਹੀ ਸੁੰਦਰਤਾ (ਸਤਿਗੁਰੂ ਦੇ ਚਰਨਾਂ ਦੀ) ਸੁੰਦਰਤਾ ਤੇ ਮਸਤ ਹਨ।

(ਸਤਿਗੁਰੂ ਦੀ ਚਰਨ ਕਮਲਾਂ ਦੀ) ਕੋਮਲਤਾ ਉਤੋਂ (ਦੁਨੀਆ ਭਰ ਦੀਆਂ) ਕਰੋੜਾਂ ਕੋਮਲਤਾ ਵਾਰਨੇ ਜਾਂਦੀਆਂ ਹਨ ਅਤੇ ਕਰੋੜਾਂ ਸੀਤਲਤਾ ਉਸ ਦੀ ਸ਼ਰਨ ਚਾਹੁੰਦੀਆਂ ਹਨ ਅਤੇ (ਵੇਖ ਵੇਖ) ਹੈਰਾਨ ਹਨ।

(ਸਤਿਗੁਰੂ ਦੇ ਚਰਨਕਮਲਾਂ ਦੇ) ਅੰਮ੍ਰਿਤ ਤੋਂ ਕਰੋੜਾਂ ਅੰਮ੍ਰਿਤ ਲਗਾਤਾਰ ਗਦ ਗਦ ਹੋ ਰਹੇ ਹਨ। ਜਿਵੇਂ ਭੌਰਾ ਫੁੱਲ ਦੀ ਸੁਗੰਧੀ ਮਾਣਦਾ ਉਸ ਵਿਚ ਬੰਦ ਹੁੰਦਾ ਹੈ ਤਿਵੇਂ (ਗੁਰਮੁਖ ਦਾ) ਮਨ ਰੂਪੀ ਭੌਰਾ (ਸਤਿਗੁਰੂ ਦੇ ਚਰਨ ਕਮਲਾਂ ਦੀ ਸੁਗੰਧਤਾ ਧੂੜੀ ਰੂਪੀ) ਡੱਬੇ ਵਿਚ ਸਮਾਇਆ ਰਹਿੰਦਾ ਹੈ। ੧੭੧।

ਸੋਵਤ ਪੈ ਸੁਪਨ ਚਰਿਤ੍ਰ ਚਿਤ੍ਰ ਦੇਖਿਓ ਚਾਹੈ,
ਸਹਜ ਸਮਾਧਿ ਬਿਖੈ ਉਨਮਨੀ ਜੋਤਿ ਹੈ।।
ਸੁਰਾਪਾਨ ਸ੍ਵਾਦ ਮਤਵਾਰਾ ਪ੍ਰਤਿ ਪ੍ਰਸੰਨ ਜਿਉ,
ਨਿਝਰ ਅਪਾਰ ਧਾਰ ਅਨਭੈ ਉਦੋਤ ਹੈ।।
ਬਾਲਕ ਪੈ ਨਾਦ ਬਾਦ ਸਬਦ ਬਿਧਾਨ ਚਾਹੈ,
ਅਨਹਦ ਧੁਨਿ ਰੁਨਝੁਨ ਸੁਰਤਿ ਸ੍ਰੋਤ ਹੈ।।
ਅਕਥ ਕਥਾ ਬਿਨੋਦ ਸੋਈ ਜਾਨੈ ਜਾ ਮੈ ਬੀਤੈ,
ਚੰਦਨ ਸੁਗੰਧਿ ਜਿਉ ਤਰੋਵਰ ਨ ਗੋਤ ਹੈ।।

**ਪਦ ਅਰਥ** :- ਚਰਿਤ੍ਰ - ਕੌਤਕ। ਚਮਤਕਾਰ, ਤਮਾਸ਼ਾ। ਉਨਮਨੀ - ਗਿਆਨ ਅਵਸਥਾ। ਸੁਰਾਪਾਨ - ਸ਼ਰਾਬ ਪੀਣਾ। ਮਤਵਾਰਾ - ਮਤਵਾਲਾ, ਅਮਲੀ, ਸ਼ਰਾਬੀ। ਪ੍ਰਤਿ - ਨੂੰ। ਨਿਝਰ - ਇਕ ਰਸ। ਅਨਭੈ - ਅਨਭਵ, ਪਰਮਾਤਮਾ ਗਿਆਨ। ਉਦੋਤ - ਉਦੇ ਹੋਣਾ, ਪ੍ਰਗਟਣਾ। ਨਾਦ - ਧੁਨੀ। ਬਾਦ - ਵਾਲੇ। ਸਬਦ ਵਿਧਾਨ - ਰਾਗ ਰਾਗਣੀਆਂ ਲਈ ਵਰਤੇ ਗਏ ਸ਼ਬਦਾਂ ਦਾ ਸੰਗੀਤ - ਵਿਧਾਨ। ਅਨਹਦ ਧੁਨਿ - ਇਕ ਰਸ ਗੂੰਜ ਰਹੀ ਗੁਰ ਸ਼ਬਦ ਦੀ ਧੁਨੀ। ਰੁਨਝੁਨ - ਰੁਣਝੁਣਕਾਰ। ਸ੍ਰੋਤ - ਸੁਣਨਾ। ਬਿਨੋਦ - ਕੌਤਕ। ਤਰੋਵਰ - ਬ੍ਰਿਛ। ਗੋਤ - ਗੋਤਾ, ਟੁੱਬੀ।

**ਅਰਥ:**– (ਜੇ ਕੋਈ) ਸੁਤਿਆਂ ਸੁਪਨੇ ਵਿਚ ਵੇਖੇ ਕੌਤਕ ਦਾ ਚਿਤਰ ਦੇਖਣਾ ਚਾਹੇ ਤਾਂ ਨਹੀਂ ਹੋ ਸਕਦਾ, ਇਉਂ ਹੀ ਜੋ ਸਹਜ ਸਮਾਧੀ ਵਿਚ ਉਨਮਤੀ ਜੋਤਿ ਦਾ ਚਮਤਕਾਰ ਪਰੱਤਖ ਹੁੰਦਾ ਹੈ ਉਹ ਦਸਿਆ ਨਹੀਂ ਜਾ ਸਕਦਾ।

ਜਿਵੇਂ ਸ਼ਰਾਬ ਪੀਣ ਦੇ ਸਵਾਦ ਨਾਲ ਅਮਲੀ ਨੂੰ ਜੋ ਪ੍ਰਸੰਨਤਾ ਹੁੰਦੀ ਹੈ। ਉਸ ਨੂੰ ਉਹੋ ਜਾਣਦਾ ਹੈ, ਤਿਵੇਂ ਨਾਮ - ਅੰਮ੍ਰਿਤ ਰਸ ਦੀ ਇਕ ਰਸ ਅਪਾਰ ਧਾਰਾ ਦੇ ਵਰਨ ਦਾ ਪਰਮਾਤਮ - ਗਿਆਨ ਜੋ ਪ੍ਰਗਟਦਾ ਹੈ (ਉਹ ਕਥਿਆ ਨਹੀਂ ਜਾ ਸਕਦਾ।)

ਜਿਵੇਂ ਕੋਈ ਬਾਲਕ ਪਾਸੋਂ ਵਾਜੇ ਦੀ ਧੁਨੀ ਵਿਚ ਰਾਗ ਰਾਗਣੀਆਂ ਲਈ ਵਰਤੇ ਗਏ ਸ਼ਬਦਾਂ ਦਾ ਸੰਗੀਤ ਵਿਧਾਨ ਪੁਛਣਾ ਚਾਹੇ ਤਾਂ ਉਹ ਨਹੀਂ ਦਸ ਸਕਦਾ, ਤਿਵੇਂ ਹੀ ਸੁਰਤੀ ਦੁਆਰਾ ਸੁਣੀ ਜਾ ਰਹੀ ਅਨਹਦ ਧੁਨੀ ਦੀ ਰੁਣਝੁਣਕਾਰ ਦਾ ਬਿਆਨ ਨਹੀਂ ਹੋ ਸਕਦਾ।

(ਨਾਮ - ਅਭਿਆਸ ਦੀ ਅੱਟੁਟ ਕਮਾਈ ਦੇ ਤੁਫੈਲ ਜੋ ਅਨਹਦ ਧੁਨੀ ਅਤੇ ਇਕ ਰਸ ਅੰਮ੍ਰਿਤ - ਧਾਰਾ ਪ੍ਰਗਟਦੀ ਹੈ, ਉਸ ਦੇ) ਅਸਚਰਜ ਕੌਤਕ ਦੀ ਕਥਾ ਅੱਕਥ


www.AKJ.Org

ਹੈ, ਭਾਵ ਉਸ ਦਾ ਬਿਆਨ ਨਹੀਂ ਹੋ ਸਕਦਾ ਜਿਸ ਦੇ ਅੰਦਰ ਇਹ ਖੇਡ ਵਰਤਦੀ ਹੈ ਓਹੋ ਅਨੁਭਵ ਕਰਦਾ ਹੈ, ਜਿਵੇ ਚੰਦਨ ਦੀ ਸੁਗੰਧੀ ਨੂੰ ਪ੍ਰਾਪਤ ਹੋਏ ਅਨੰਦ ਨੂੰ ਲਾਗਲੇ ਬ੍ਰਿਛ ਬੂਟੇ ਨਹੀਂ ਦਸ ਸਕਦੇ।੧੭੨।

**ਪ੍ਰੇਮ ਰਸ ਕੋ ਪ੍ਰਤਾਪ ਸੋਈ ਜਾਨੈ ਜਾ ਮੈ ਬੀਤੇ,**
**ਮਦਨ ਮਦੋਨ ਮਤਿਵਾਰੋ ਜਗ ਜਾਨੀਐ।।**
**ਘੂਰਮ ਹੁਇ ਘਾਇਲ ਸੋ ਘੂਮਤ ਅਰੁਨ ਦ੍ਰਿਸ,**
**ਮਿਤ੍ਰ ਸਤ੍ਰਤਾ ਨਿਲਜ ਲਜਾ ਹੁ ਲਜਾਨੀਐ।।**
**ਰਸਨਾ ਰਸੀਲੀ ਕਥਾ ਅਕਥ ਕੈ ਮੋਨ ਬ੍ਰਤ,**
**ਅਨ – ਰਸ ਰਹਿਤ, ਨ ਉਤਰ ਬਖਾਨੀਐ।।**
**ਸੁਰਤਿ ਸੰਕੋਚ ਸਮਸਰਿ ਅਸਤੁਤਿ ਨਿੰਦਾ,**
**ਪਗ ਡਗਮਗ ਜਤ ਕਤ ਬਿਸਮਾਨੀਐ।।੧੭੩।।**

**ਪਦ ਅਰਥ:–** ਪ੍ਰਤਾਪੁ - ਵਡਿਆਈ, ਤੇਜ, ਇਕਬਾਲ। ਜਾ ਮੈ - ਜਿਸ ਦੇ ਅੰਦਰ। ਮਦਨ-ਸ਼ਰਾਬ। ਮਦੋਨ - ਮਸਤ ਹੋਇਆ। ਮਤਿਵਾਰੋ - ਮਤਵਾਲਾ, ਕਮਲਾ, ਝੱਲਾ। ਘੂਰਮ ਹੁਇ-ਭੌਰ-ਭੌਰ ਹੋਇਆ, ਚਕਰਾਇਆ ਹੋਇਆ। ਘਾਇਲ - ਫੱਟੜ, ਜਖਮੀ ਜੋਧਾ। ਘੂਮਤ - ਘੁੰਮਦਾ। ਅਰੁਨ - ਲਾਲ। ਦ੍ਰਿਸ - ਨੇਤਰ, ਅੱਖਾਂ। ਸਤ੍ਰਤਾ - ਦੁਸ਼ਮਣੀ, ਵੈਰ ਭਾਵਨਾ। ਨਿਲਜ - ਲਜ ਰਹਿਤ। ਲਜਾ ਹੁ ਲਜਾਨੀਐ - ਲਜਿਆਂ ਵਲੋਂ ਲਜਾਇਮਾਨ ਹੁੰਦਾ ਹੈ, ਭਾਵ ਲੱਜਾ ਤੋਂ ਬੇਪਰਵਾਹ ਹੁੰਦਾ ਹੈ। ਰਸੀਲੀ - ਨਾਮ ਅੰਮ੍ਰਿਤ ਨਾਲ ਰਸ ਮਾਣਦੀ ਹੋਈ। ਮੋਨ ਬ੍ਰਤ - ਚੁਪ ਸਾਧਣਾ। ਆਨ ਰਸ - ਹੋਰ ਰਸ ਕਸ। ਬਖਾਨੀਐ - ਕਹਿਣਾ। ਸਮਸਰਿ - ਇਕ ਬਰਾਬਰ, ਤੁਲ। ਅਸਤੁਤਿ - ਉਸਤਤੀ। ਪਗ - ਪੈਰ। ਜਤ ਕਤ - ਜਿਥੇ ਕਿਥੇ। ਬਿਆਨੀਐ - ਅਸਚਰਜ ਦਸ਼ਾ ਵਿਚ।

**ਅਰਥ :** ਪ੍ਰਭੂ ਪ੍ਰੇਮ ਦੇ ਰਸ ਦੀ ਵਡਿਆਈ ਨੂੰ ਉਹ ਜਾਣਦਾ ਹੈ ਜਿਸ ਦੇ ਅੰਦਰ (ਇਹ ਦਸ਼ਾ) ਵਾਪਰਦੀ ਹੈ, ਜਿਵੇਂ ਸ਼ਰਾਬ ਵਿਚ ਮਸਤ ਹੋਏ ਨੂੰ ਜਗਤ ਕਮਲਾ ਸਮਝਦਾ ਹੈ।

(ਜਿਵੇਂ ਯੁੱਧ ਵਿਚ) ਫੱਟੜ ਜੋਧਾ ਚਕਰਾਇਆ ਹੋਇਆ, ਲਾਲ ਅੱਖਾਂ ਨਾਲ (ਰਣ ਭੂਮੀ ਵਿਚ) ਘੁੰਮਦਾ ਹੈ, ਉਹ ਮਿਤਰਤਾ, ਵੈਰ ਭਾਵਨਾ ਵਲੋਂ ਨਿਰਲੱਜ ਹੋ ਕੇ, ਲੱਜਾ ਨੂੰ ਤਿਆਗ ਦੇਂਦਾ ਹੈ।

(ਪ੍ਰਭੂ - ਪ੍ਰੇਮ ਦੇ ਮਤਵਾਰੇ ਦੀ) ਰਸਨਾ (ਨਾਮ ਸਿਮਰਨ ਦੀ) ਅਕਥ ਕਥਾ ਕਰਕੇ ਰਸ ਗੀਧੀ ਹੁੰਦੀ ਹੈ, ਜਿਸ ਕਰਕੇ ਉਹ ਚੁੱਪ ਸਾਧੀ ਰਖਦਾ ਹੈ। ਉਹ ਹੋਰ ਰਸਾਂ ਸਵਾਦਾਂ ਤੋਂ ਰਹਿਤ ਹੁੰਦਾ (ਕਿਸੇ ਦੇ ਪੁਛਿਆਂ ਵੀ ਕੋਈ) ਉੱਤਰ ਨਹੀਂ ਦਿੰਦਾ।

(ਅਗੰਮੀ ਪ੍ਰੀਤ ਦਾ ਰਸੀਆ) ਆਪਣੀ ਸੁਰਤ ਨੂੰ (ਸਭ ਤਰ੍ਹਾਂ ਦੀਆਂ ਇਛਾਵਾਂ ਤੋਂ) ਸੰਕੋਚੀ ਰਖਦਾ ਹੈ, ਉਸ ਲਈ ਉਸਤਤ ਨਿੰਦਾ ਇਕੋ ਜਿਹੀਆਂ ਹੁੰਦੀਆ ਹਨ। (ਨਾਮ ਦੀ ਮਸਤੀ ਵਿਚ) ਜਿੱਥੇ ਕਿੱਥੇ ਉਸਦੇ ਪੈਰ ਡਗਮਗਾਂਦੇ ਜਾਪਦੇ ਹਨ ਅਤੇ ਅਸਚਰਜ ਅਲੌਕਿਕ ਦਸ਼ਾ ਵਿਚ ਵਿਚਰਦਾ ਦਿਸਦਾ ਹੈ।੧੭੩।

**ਤਨਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ,**
**ਤਨਕ ਹੀ ਕਾਂਜੀ ਪਰੈ ਦੂਧ ਫਾਟਿ ਜਾਤ ਹੈ।।**
**ਤਨਕ ਹੀ ਬੀਜ ਬੋਏ ਬਿਰਖ ਬਿਥਾਰ ਹੋਇ,**
**ਤਨਕ ਹੀ ਚਿਨਗ ਪਰੈ ਭਸਮ ਹੁਇ ਸਮਾਤ ਹੈ।।**
**ਤਨਕ ਹੀ ਖਾਏ ਬਿਖੁ ਹੋਤ ਹੈ ਬਿਨਾਸ ਕਾਲ,**
**ਤਨਕ ਹੀ ਅੰਮ੍ਰਿਤ ਕੈ ਅਮਰੁ ਹੁਇ ਸਾਤ ਹੈ।।**
**ਸੰਗਤਿ ਅਸਾਧ ਸਾਧ ਗਨਿਕਾ ਬਿਵਾਹਿਤਾ ਸਿਉ,**
**ਤਨਕ ਮੈ ਉਪਕਾਰ ਅਉ ਬਿਕਾਰ ਘਾਤ ਹੈ।।੧੭੪।।**

**ਪਦ ਅਰਥ:-** ਤਨਕ - ਰਤਾ ਜਿੰਨਾ, ਥੋੜੀ ਜਿਹੀ। ਜਾਮਨ - ਜਾਗ। ਦੁਧਿ - ਦਹੀਂ। ਫਟਿ ਜਾਤ ਹੈ - ਫਿਟ ਜਾਂਦਾ ਹੈ। ਬੋਏ - ਬੀਜਣ ਨਾਲ। ਬਿਰਖ - ਬ੍ਰਿਛ। ਬਿਥਾਰ - ਵਿਸਥਾਰ, ਖਿਲਾਰ। ਚਿਨਗ - ਅੱਗ ਦੀ ਚੰਗਿਆਰੀ। ਕੁਸਮ - ਸੁਆਹ। ਸਮਾਤ ਹੈ - ਮਿੱਟੀ ਵਿਚ ਮਿਲ ਜਾਂਦਾ ਹੈ। ਬਿਖੁ - ਜ਼ਹਿਰ। ਬਿਨਾਸ ਕਾਲ - ਅੰਤ ਕਾਲ, ਮ੍ਰਿਤੂ, ਮੌਤ। ਸਾਤ - ਸਰੀਰ। ਅਸਾਧ - ਮੰਦੇ ਪੁਰਖ, ਮਨਮੁਖ। ਸਾਧ - ਭਲੇ ਪੁਰਖ, ਗੁਰਮੁਖ। ਗਨਿਕਾ - ਵੇਸਵਾ। ਵਿਵਾਹਿਤਾ - ਸੁਹਾਗਣ ਇਸਤਰੀ। ਉਪਕਾਰ - ਸ਼ੁਭ ਕਰਮ। ਅਉ - ਅਤੇ। ਬਿਕਾਰ - ਮੰਦੇ ਕਰਮ, ਪਾਪ ਕਰਮ। ਘਾਤ - ਨਾਸ।

**ਅਰਥ:–** ਜਿਵੇਂ ਰਤਾ ਜਿੰਨੀ ਜਾਗ ਨਾਲ ਦੁੱਧ ਦਾ ਦਹੀਂ ਬਣ ਜਾਂਦਾ ਹੈ, ਪਰ ਰਤਾ ਜਿੰਨੀ ਕਾਂਸੀ (ਦੀ ਛਿਟ) ਪਇਆਂ ਦੁੱਧ ਫਿਟ ਜਾਂਦਾ ਹੈ।

(ਜਿਵੇਂ) ਨਿੱਕਾ ਜਿਹਾ ਬੀਜ ਬੀਜਣ ਨਾਲ ਵਿਸਥਾਰ ਵਾਲਾ ਬ੍ਰਿਛ ਹੋ ਜਾਂਦਾ ਹੈ, ਪਰ ਰਤਾ ਜਿੰਨੀ ਅੱਗ ਦੀ ਚੰਗਿਆੜੀ ਪੈਣ ਨਾਲ ਭਸਮ ਹੋ ਕੇ ਮਿੱਟੀ ਵਿਚ ਮਿਲ ਜਾਂਦਾ ਹੈ।

(ਜਿਵੇਂ) ਰਤਾ ਕੁ ਜ਼ਹਿਰ ਪੀਣ ਨਾਲ ਅੰਤ ਕਾਲ (ਮਰਨਾ) ਹੋ ਜਾਂਦਾ ਹੈ, ਪਰ ਥੋੜਾ ਜਿਹਾ ਹੀ ਅੰਮ੍ਰਿਤ ਪੀਣ ਨਾਲ ਸਰੀਰ ਅਮਰ ਹੋ ਜਾਂਦਾ ਹੈ।

ਤਿਵੇਂ ਵੇਸਵਾ ਅਤੇ ਸੁਹਾਗਣ ਇਸਤ੍ਰੀ ਦੀ ਸੰਗਤ ਦੇ ਭੈੜੇ ਚੰਗੇ ਪ੍ਰਭਾਵ ਪੈਣ ਵਾਂਗ ਮਨਮੁਖਾਂ ਅਤੇ ਗੁਰਮੁਖਾਂ ਦੀ ਸੰਗਤ ਹੈ । ਮਨਮੁਖਾਂ ਦੀ ਸੰਗਤ ਥੋੜ੍ਹੇ ਚਿਰ



www.AKJ.Org

ਵਿਚ ਹੀ ਸ਼ੁਭ ਕਰਮਾਂ ਦਾ ਨਾਸ ਕਰ ਦਿੰਦੀ ਹੈ ਅਤੇ ਗੁਰਮੁਖਾਂ ਦੀ ਸੰਗਤ ਖੋਟੇ ਕਰਮਾਂ ਨੂੰ ਖਤਮ ਕਰ ਦਿੰਦੀ ਹੈ। ੧੭੪।

**ਸਾਧ ਸੰਗਿ ਦ੍ਰਿਸਟਿ ਦਰਸ ਕੈ ਬ੍ਰਹਮ ਧਿਆਨ,**
**ਸੋਈ ਤਉ ਅਸਾਧ ਸੰਗਿ ਦ੍ਰਿਸਟਿ ਬਿਕਾਰ ਹੈ।।**
**ਸਾਧ ਸੰਗਿ ਸਬਦ ਸੁਰਤਿ ਕੈ ਬ੍ਰਹਮ ਗਿਆਨ,**
**ਸੋਈ ਤਉ ਅਸਾਧ ਸੰਗਿ ਬਾਦ ਅਹੰਕਾਰ ਹੈ।।**
**ਸਾਧ ਸੰਗਿ ਅਸਨ ਬਸਨ ਕੈ ਮਹਾ ਪ੍ਰਸਾਦ,**
**ਸੋਈ ਤਉ ਅਸਾਧ ਸੰਗਿ ਬਿਖਮ ਅਹਾਰ ਹੈ।।**
**ਦੁਰਮਤਿ ਜਨਮ ਮਰਨ ਹੁਇ ਅਸਾਧ ਸੰਗਿ,**
**ਗੁਰਮਤਿ ਸਾਧ ਸੰਗਿ ਮੁਕਤਿ ਦੁਆਰ ਹੈ।। ੧੭੫।**

**ਪਦ ਅਰਥ** :– ਦ੍ਰਿਸਟਿ - ਦ੍ਰਿਸ਼ਟੀ, ਨਜ਼ਰ। ਦਰਸ - ਦਰਸ਼ਨ। ਬ੍ਰਹਮ ਧਿਆਨ - ਵਾਹਿਗੁਰੂ ਵਿਚ ਸੁਰਤਿ ਦਾ ਜੁੜਨਾ। ਅਸਾਧ ਸੰਗਿ - ਖੋਟੇ ਪੁਰਖਾਂ (ਮਨੁੱਖਾਂ) ਦੀ ਸੰਗਤ। ਬਿਕਾਰ - ਵਿਕਾਰੀ। ਸਬਦ ਸੁਰਤਿ ਕੈ - ਸਤਿਗੁਰੂ ਦੇ ਦ੍ਰਿੜਾਏ ਸ਼ਬਦ ਸੁਰਤ ਦੇ ਮੇਲ ਨਾਲ। ਬ੍ਰਹਮ ਗਿਆਨ - ਵਾਹਿਗੁਰੂ ਦੀ ਸੋਝੀ। ਬਾਦ - ਵਾਦ ਵਿਵਾਦ, ਝਗੜੇ। ਅਸਨ - ਭੋਜਨ। ਬਸਨ - ਬਸਤਰ। ਮਹਾ ਪ੍ਰਸ਼ਾਦ - ਮਹਾਨ ਉੱਤਮ ਪ੍ਰਸ਼ਾਦ, ਵਾਹਿਗੁਰੂ ਦੀ ਅਪਾਰ ਬਖਸ਼ਸ਼ ਰੂਪੀ ਪ੍ਰਸ਼ਾਦ। ਬਿਖਮ - ਦੁਖਦਾਈ, ਕਸ਼ਟ ਦੇਣ ਵਾਲਾ (ਮਾਸ ਸ਼ਰਾਬ ਆਦਿ) ਅਹਾਰ - ਭੋਜਨ। ਦੁਰਮਤਿ - ਖੋਟੀ ਮਤਿ। ਜਨਮ ਮਰਨ - ਆਵਾ ਗਉਣ।

**ਅਰਥ** :- ਸਾਧ ਸੰਗਤ ਦੇ ਦਰਸ਼ਨ ਵਿਚ ਅੱਖਾਂ ਦੀ ਦ੍ਰਿਸ਼ਟੀ ਲੱਗਣ ਨਾਲ ਵਾਹਿਗੁਰੂ ਵਿਚ ਸੁਰਤਿ ਜੁੜਦੀ ਹੈ। ਪਰ ਉਹੀ ਦ੍ਰਿਸ਼ਟੀ ਮਨਮੁਖਾਂ ਦੀ ਸੰਗਤ ਵਿਚ ਵਿਕਾਰੀ ਹੋ ਜਾਂਦੀ ਹੈ।

ਸਾਧ ਸੰਗਤ ਵਿਚ (ਸਤਿਗੁਰੂ ਦੇ ਦ੍ਰਿੜਾਏ) ਸਬਦ ਸੁਰਤਿ ਦੇ ਮੇਲ ਨਾਲ ਵਾਹਿਗੁਰੂ ਦੀ ਸੋਝੀ ਹੋ ਆਉਂਦੀ ਹੈ, ਪਰ ਉਹੋ ਸੁਰਤਿ ਕੁਸੰਗਤ ਵਿਚ ਲੱਗਣ ਨਾਲ ਵਾਦ - ਵਿਵਾਦ ਤੇ ਹੰਕਾਰ ਦਾ ਕਾਰਨ ਬਣਦੀ ਹੈ।

ਗੁਰਮੁਖਾਂ ਦੀ ਸੰਗਤ ਕਰਕੇ ਸਾਦੇ ਭੋਜਨ ਅਤੇ ਬਸਤਰ, ਪ੍ਰਭੂ ਦੀ ਅਪਾਰ ਕਿਰਪਾ ਰੂਪੀ ਮਹਾਨ ਉਤਮ ਪ੍ਰਸ਼ਾਦ ਹੈ, ਪਰ ਮਨਮੁਖਾਂ ਦੀ ਸੰਗਤ ਵਿਚ ਉਨ੍ਹਾਂ ਦਾ ਖਾਣਾ (ਮਾਸ, ਸ਼ਰਾਬ ਆਦਿ) ਦੁਖਦਾਈ ਤੇ ਕਸ਼ਟ ਦੇਣ ਵਾਲਾ ਹੈ।

ਮਨਮੁਖਾਂ ਦੀ ਸੰਗਤ ਖੋਟੀ ਮਤਿ ਕਾਰਨ ਜਨਮ - ਮਰਨ (ਆਵਾ ਗਉਣ) ਦਾ ਕਾਰਨ ਬਣਦੀ ਹੈ, ਜਦ ਕਿ ਗੁਰੂ ਦੀ ਮਤਿ ਨੂੰ ਗ੍ਰਹਿਣ ਕਰਨ ਵਾਲੇ ਸਾਧੂ ਪੁਰਖਾਂ ਦੀ ਸੰਗਤ ਮੁਕਤੀ ਦਾ ਦੁਆਰਾ ਬਣ ਜਾਂਦੀ ਹੈ। ੧੭੫।।

**ਗੁਰਮਤਿ ਚਰਮ ਦ੍ਰਿਸਟਿ, ਦਿਬਿ ਦ੍ਰਿਸਟਿ ਹੁਇ,**
**ਦੁਰਮਤਿ ਲੋਚਨ ਅਛਤ ਅੰਧ ਕੰਧ ਹੈ।।**
**ਗੁਰਮਤਿ ਸੁਰਤਿ ਕੇ ਬਜਰ ਕਪਾਟ ਖੁਲੇ,**
**ਦੁਰਮਤਿ ਕਠਿਨ ਕਪਾਟ ਸਨਬੰਧ ਹੈ।।**
**ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ,**
**ਦੁਰਮਤਿ ਮੁਖਿ ਦੁਰਬਚਨ ਦੁਰਗੰਧ ਹੈ।।**
**ਗੁਰਮਤਿ ਸਹਜ ਸੁਭਾਇ ਨ ਹਰਖ ਸੋਗ,**
**ਦੁਰਮਤਿ ਬਿਗ੍ਰਹ ਬਿਰੋਧ ਕ੍ਰੋਧ ਸੰਧਿ ਹੈ।।੧੭੬।।**

**ਪਦ ਅਰਥ**:– ਚਰਮ ਦ੍ਰਿਸਟਿ - ਚੰਮ - ਦ੍ਰਿਸ਼ਟੀ, ਬਾਹਰਮੁਖੀ ਦ੍ਰਿਸ਼ਟੀ। ਦਿਬਿ ਦ੍ਰਿਸ਼ਟਿ - ਦੈਵੀ ਦ੍ਰਿਸਟੀ, ਗਿਆਨ ਦ੍ਰਿਸ਼ਟੀ। ਲੋਚਨ ਅਛਤ - ਅੱਖਾਂ ਹੁੰਦਿਆਂ। ਅੰਧ - ਅੰਨ੍ਹਾ। ਕੰਧ - ਸਰੀਰ। ਬਜਰ ਕਪਾਟ - ਕਰੜੇ ਕਿਵਾੜ। ਕਠਿਨ - ਕਠੋਰ, ਕਰੜੇ। ਸਨਬੰਧ - ਮੇਲ, ਜੋੜ। ਅੰਮ੍ਰਿਤ ਨਿਧਾਨ - ਨਾਮ - ਅੰਮ੍ਰਿਤ ਦਾ ਖਜਾਨਾ, ਭੰਡਾਰਾ। ਪਾਨ - ਪੀਣਾ। ਮੁਖਿ - ਮੂੰਹ ਵਿਚ। ਦੁਰਬਚਨ - ਖੋਟੇ ਬਚਨ। ਦੁਰਗੰਧ - ਬਦਬੋ। ਸਹਜ - ਸ਼ਾਂਤੀ। ਸੁਭਾਵ - ਸੱਚਾ ਪਿਆਰ, ਉੱਤਮ ਪ੍ਰੇਮ। ਹਰਖ - ਖੁਸ਼ੀ। ਸੋਗ - ਗਮੀ। ਬਿਗ੍ਰਹ - ਝਗੜੇ ਫਸਾਦ। ਬਿਰੋਧ - ਵੈਰ ਵਿਰੋਧ। ਕ੍ਰੋਧ - ਗੁੱਸਾ। ਸੰਧਿ - ਸਨਬੰਧ, ਜੋੜ ਮੇਲ ।

**ਅਰਥ** : ਸਤਿਗੁਰੂ ਦੀ ਮਤਿ ਗ੍ਰਹਿਣ ਕਰਨ (ਗੁਰ ਦੀਖਿਆ ਲੈਣ) ਨਾਲ ਬਾਹਰਮੁਖੀ ਚੰਮ-ਦ੍ਰਿਸ਼ਟੀ, ਦੈਵੀ ਗਿਆਨ-ਦ੍ਰਿਸ਼ਟੀ ਹੋ ਜਾਂਦੀ ਹੈ, ਪਰ ਖੋਟੀ ਮਤਿ ਦੇ ਕਾਰਨ ਅੱਖਾਂ ਹੁੰਦਿਆਂ ਸਰੀਰ ਅੰਨ੍ਹਾ ਹੁੰਦਾ ਹੈ ।

ਸਤਿਗੁਰੂ ਦੀ ਮਤਿ ਪ੍ਰਾਪਤ ਹੋਣ ਕਾਰਨ ਸੁਰਤੀ ਦੀ ਅਗਿਆਨਤਾ ਦੇ ਕਰੜੇ ਕਿਵਾੜ ਖੁਲ੍ਹ ਜਾਂਦੇ ਹਨ, ਪਰ ਖੋਟੀ ਮਤਿ ਦੇ ਕਾਰਨ ਮੋਹ-ਮਾਇਆ ਦੇ ਕਰੜੇ ਕਿਵਾੜਾਂ ਦਾ ਸਬੰਧ ਬਣਿਆ ਰਹਿੰਦਾ ਹੈ, ਭਾਵ ਉਹ ਜੀਵ ਨੂੰ ਜਕੜੀ ਰਖਦੇ ਹਨ ।

ਸਤਿਗੁਰੂ ਦੀ ਮਤਿ ਗ੍ਰਹਿਣ ਕਰਨ ਦੇ ਤੁਫੈਲ ਪ੍ਰਭੂ-ਰਸ ਦਾ ਨਾਮ-ਅੰਮ੍ਰਿਤ ਭੰਡਾਰ ਛਕੀਦਾ ਹੈ, ਪਰ ਖੋਟੀ ਮਤਿ ਦੇ ਕਾਰਨ ਮੂੰਹ ਵਿੱਚ ਖੋਟੇ ਬਚਨਾਂ ਦੀ ਦੁਰਗੰਧੀ ਹੁੰਦੀ ਹੈ ।

ਸਤਿਗੁਰੂ ਦੀ ਮਤਿ ਧਾਰਨ ਕੀਤਿਆਂ ਅੰਦਰ ਸਹਜ ਸ਼ਾਂਤੀ ਤੇ ਸੁੱਚਾ ਪਿਆਰ ਆਉਂਦਾ ਹੈ ਅਤੇ ਇਸ ਅਵਸਥਾ ਵਿਚ ਖੁਸ਼ੀ ਜਾਂ ਗਮੀ ਨਹੀਂ ਪੋਂਹਦੀ, ਪਰ ਖੋਟੀ ਮਤਿ ਦੇ ਕਾਰਨ ਝਗੜੇ-ਫਸਾਦ, ਵੈਰ ਵਿਰੋਧ ਤੇ ਕ੍ਰੋਧ ਦਾ ਮੇਲ ਬਣਿਆ ਰਹਿੰਦਾ ਹੈ ।। ੧੭੬ ।।


www.AKJ.Org

# ਗੁਰੂ ਨਾਨਕ ਦੇਵ ਜੀ ਦਾ ਜੀਵਨ–ਉਦੇਸ਼

(ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ)

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ 'ਸਾਚ-ਵਖਰ' ਦੇ ਵਣਜਾਰੇ ਦਾ ਜੀਵਨ ਹੈ । ਰੱਬ ਦੇ ਸੱਤ-ਸਰੂਪ ਨੂੰ ਸਥਾਪਿਤ ਤੇ ਉਜਾਗਰ ਕਰਨਾ, ਸੱਚ ਨਾਲ ਇਕਸੁਰ ਤੇ ਇਕਸਰੂਪ ਹੋ ਕੇ ਜੀਵਨ ਵਿਚ ਵਿਚਰਨਾ, ਸੱਚ ਨੂੰ ਸੱਚ-ਆਚਰਨ ਦੇ ਰੂਪ ਵਿਚ ਮੂਰਤੀਮਾਨ ਕਰਨਾ, ਸੱਚ ਦੇ ਧਾਰਨੀ 'ਸਚਿਆਰ' ਮਨੁੱਖਾਂ ਦੀ ਆਪਣੀਆਂ ਲੰਮੀਆਂ ਉਦਾਸੀਆਂ ਵਿੱਚ ਭਾਲ ਕਰਨਾ, ਸੱਚ ਨੂੰ ਸਿਮਰਨ, ਸੰਤੋਖ, ਸੇਵਾ, ਸਹਿਜ ਤੇ ਸੁਹਜ ਦਾ ਆਧਾਰ ਸਵੀਕਾਰ ਕਰਨਾ, ਪ੍ਰਭੂ ਮੇਲ-ਮਿਲਾਪ ਲਈ ਸੱਚੀ ਲਗਨ ਨੂੰ ਤਾੜ ਕੇ, ਜਿਥੇ ਜਿਥੇ ਵੀ ਜਿੰਨਾ ਕੁ ਸੱਚ ਸੀ, ਉਸ ਨਾਲ ਪਿਆਰ ਕਰਨਾ, ਜਿਹੜਾ ਸੱਚ ਦਾ ਖੋਜੀ ਹੈ, ਉਸ ਨੂੰ ਆਪਣੀ ਸੱਚੀ ਸੰਗਤ-ਪੰਗਤ ਦੇ ਕੇ ਸਚਿਆਰ ਸਿਰਜਨਾ, ਲਗਾਤਾਰ ਆਪਣੀ ਸੱਚ ਦੀ ਪ੍ਰਾਪਤੀ ਨੂੰ ਪ੍ਰਚੰਡ ਰਖਣਾ ਤੇ ਮਾਨਵ-ਹਿਰਦਿਆਂ ਦੀ ਵੀ ਸੱਚ-ਪੱਦ ਤੱਕ ਪੁੱਜਣ ਲਈ ਇੱਛਾ ਜਗਾਉਣੀ, ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਪ੍ਰਥਮ ਉਦੇਸ਼ ਹੀ ਨਹੀਂ, ਪਰਮ ਤੇ ਸਰਬ ਉੱਤਮ ਪ੍ਰਾਪਤੀ ਦਾ ਅਨੁਭਵ ਵੀ ਸੀ ।

ਸੱਚ ਗੁਰੂ ਨਾਨਕ ਦੇਵ ਜੀ ਲਈ ਕੋਈ ਕਲਪਨਾ ਜਾਂ ਦਿਮਾਗੀ ਜਾਣਕਾਰੀ ਨਹੀਂ ਸੀ । ਇਹ ਅਧਿਆਤਮਿਕ, ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ-ਜੀਵਨ ਦਾ ਪ੍ਰਤੱਖ ਅਨੁਭਵ ਸੀ । ਇਹੀ ਕਾਰਨ ਹੈ ਕਿ ਰੱਬ-ਸੱਚ ਦੀ ਸਿਫ਼ਤ-ਸਲਾਹ ਕਰਨ ਵਿੱਚ ਅਤੇ ਰਾਜੇ ਸ਼ੀਂਹ ਤੇ ਮੁੱਕਦਮ ਕੁਤਿਆਂ ਦੀ ਕੂੜ-ਕ੍ਰਿਆ ਨੂੰ ਵੰਗਾਰਨ ਤੇ ਸੋਧਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਬਿਨਾਂ ਕਿਸੇ ਡਰ ਤੇ ਰਲੇ ਦੇ, ਜੋ 'ਸੱਚ' ਉਹਨਾਂ ਅਨੁਭਵ ਕੀਤਾ, ਉਸ ਨੂੰ ਗਿਆਨ, ਸਦਾਚਾਰ ਤੇ ਤਰਕ-ਸ਼ੈਲੀ ਵਿੱਚ ਸੱਪਸ਼ਟ ਸ਼ਬਦਾਂ ਤੇ ਬੋਲਾਂ ਰਾਹੀਂ ਸੁਣਾ ਦਿੱਤਾ ।

ਗੁਰੂ ਨਾਨਕ ਦੇਵ ਜੀ ਦਾ ਆਪਣਾ ਸਮੁੱਚਾ ਜੀਵਨ ਵੀ ਸੱਚ ਨੂੰ ਸਮਰਪਿਤ ਹੀ ਸੀ । ਜਿਵੇਂ ਸੱਚ ਕਦੇ ਪੁਰਾਣਾ ਨਹੀਂ ਹੁੰਦਾ, ਸਦਾ ਨਵਾਂ ਤੇ ਨਵੇਲਾ ਰਹਿੰਦਾ ਹੈ, ਇਸੇ ਤਰ੍ਹਾਂ ਪੰਜ ਸੌ ਸਾਲ ਬੀਤ ਜਾਣ ਪਿਛੋਂ ਵੀ ਜੇ ਗੁਰੂ ਨਾਨਕ ਦੇਵ ਜੀ ਦੀ ਸੱਚ-ਪ੍ਰਤਿੱਭਾ, ਸਚਿਆਰ ਜੀਵਨ, ਸੱਚੀ ਬਾਣੀ, ਬੋਲਾਂ, ਵਿਚਾਰਾਂ ਤੇ ਉਪਦੇਸ਼ਾਂ ਦੀ ਸਚਾਈ ਅਤੇ ਕਾਵਿ-ਸ਼ੈਲੀ ਦੀ ਸਾਰਥਿਕਤਾ ਵੇਖੀਏ, ਤਾਂ ਸਹਿਜੇ ਹੀ ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਤਿਹਾਸਕ ਹੁੰਦੇ ਹੋਏ ਵੀ ਸਮੇਂ, ਸਥਾਨ ਤੇ ਕਾਲ ਦੀ ਪੁਰਾਤਨਤਾ ਤੋਂ ਮੁਕਤ ਹਨ, ਹਰ ਯੁੱਗ ਵਿੱਚ ਸੱਚ ਦੇ ਪ੍ਰਤੀਨਿਧ ਹਨ, ਸਦਾ ਸਚਿਆਰ ਤੇ ਨਵੇਲਾ ਦੇ ਪ੍ਰਤੀਕ ਹਨ, ਮਾਨਵ-ਹਿਰਦਿਆਂ ਵਿੱਚ ਸੱਚ ਦੇ ਜੋਤਿ-ਪ੍ਰਕਾਸ਼ ਅਤੇ ਪਿਆਰ ਨੂੰ ਜਗਾ ਦੇਣਾ, ਅਖ਼ੀਰ ਸੱਚ ਤੇ ਸਚਿਆਰ, ਪੁਰਸ਼ਾਂ ਨੂੰ ਹੀ ਜਥੇਬੰਦ ਕਰ ਕੇ, 'ਸੱਚ-ਸ਼ਕਤੀ' ਅੱਗੇ ਸਭ ਨੂੰ ਨਿਵਾ ਦੇਣਾ, ਇਹ ਕੰਮ ਬੜਾ ਕਠਿਨ ਸੀ, ਪਰ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਬਾਣੀ ਸਾਖੀ ਹਨ ਕਿ ਉਹ ਅਤਿਅੰਤ ਉੱਚੀ ਗੰਭੀਰਤਾ, ਸਹਿਨਸ਼ੀਲਤਾ, ਨਿਮ੍ਰਤਾ, ਮਿੱਠਤ ਤੇ ਕੋਮਲਤਾ ਨਾਲ ਸੱਚ ਦੇ ਘਰ ਵਿਚ ਸਫਲ ਤੇ ਵਿਜਈ ਵੀ ਸਾਬਤ ਹੋਏ ਅਤੇ ਪ੍ਰਭਾਵ ਪੱਖੋਂ ਸਭ ਤੋਂ ਵੱਧ ਪ੍ਰਸਿੱਧ ਵੀ ਹੋਏ ।

ਗੁਰੂ ਨਾਨਕ ਦੇਵ ਜੀ ਦਾ ਜਨਮ ਭਾਵੇਂ ੧੪੬੯ ਈ: ਵਿਚ ਰਾਏ ਭੋਇ ਦੀ ਤਲਵੰਡੀ ਵਿਖੇ (ਜਿਸ ਨੂੰ 'ਨਨਕਾਣਾ ਸਾਹਿਬ' ਕਹਿ ਕੇ ਸਿਮਰਤੀ ਦਾ ਅੰਗ ਬਣਾਇਆ ਜਾਂਦਾ ਹੈ), ਮਹਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਹੋਇਆ ਸੀ, ਪਰ ਉਹਨਾਂ ਦੀ ਬਾਲ-ਲੀਲ੍ਹਾ, ਵਿਦਿਆ-ਪ੍ਰਾਪਤੀ, ਧਰਮ-ਪਰਵਿਰਤੀ, ਕਿਰਸਾਣੀ ਕੰਮ, ਸਰਕਾਰੀ ਚਾਕਰੀ ਤੇ ਸੇਵਾ-ਭਾਵਨਾ ਤੋਂ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਸਰਗੁਣ-ਸਰੂਪ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਪੱਖੋਂ, ਪਰਮੇਸ਼ਰ ਨਾਲ ਇਕਸੁਰ ਤੇ ਇਕਰੂਪ ਸਨ । ਗੁਰੂ ਨਾਨਕ ਦੇਵ ਜੀ ਪਰਮੇਸ਼ਰ ਨਹੀਂ ਸਨ, ਪਰ ਪਰਮੇਸ਼ਰ-ਦਰ-ਘਰ ਤੋਂ 'ਦਾਤਿ ਜੋਤਿ ਖਸਮੈ ਵਡਿਆਈ' ਨਾਲ ਇੰਨੇ ਵਰੋਸਾਇ ਹੋਏ ਸਨ ਕਿ ਜਿਥੇ ਵੀ ਜਾਂਦੇ ਸਨ, ਜਾਂ ਜਿਸ ਨੂੰ ਮਿਲਦੇ ਸਨ, ਉਹਨਾਂ ਨੂੰ ਆਪਣਾ 'ਨਾਮ' ਨਹੀਂ ਸਨ ਜਪਾਂਦੇ, ਨਾ ਹੀ ਆਪਣਾ 'ਭੇਖ' ਧਾਰਨ ਲਈ ਕਹਿੰਦੇ ਸਨ ਅਤੇ ਨਾ ਹੀ ਆਪਣੇ 'ਪੰਥ' ਦਾ ਅਡੰਬਰ ਰਚਾਂਦੇ ਸਨ। ਗੁਰੂ ਨਾਨਕ ਸਾਹਿਬ 'ਜੋਤਿ ਰੂਪਿ ਹਰਿ' ਆਪ ਸਨ, ਅਕਾਲ ਰੂਪ ਸਨ, ਨਰਾਇਣ-ਸਰੂਪ ਦੇ ਸੁਆਮੀ ਵੀ ਸਨ, ਪਰ ਉਹਨਾਂ ਦਾ ਸਮੁੱਚਾ ਜੀਵਨ, ਸਮੁੱਚੀ ਬਾਣੀ, ਸਮੁੱਚਾ ਚਿੰਤਨ, ਸਮੁੱਚਾ ਸੁਧਾਰ ਤੇ ਉਧਾਰ ਦਾ ਕਾਰਜ ਈਸ਼ਵਰ-ਕੇਂਦਰਿਤ ਹੀ ਸੀ । ਪਰਮੇਸ਼ਰ ਦੀ ਸ਼ਕਤੀ ਤੇ ਗੁਰੂ ਦੀ ਪ੍ਰਮਾਣੀਕਤਾ



www.AKJ.Org

ਉਹਨਾਂ ਲਈ ਸਰਵੋਤਮ ਸੀ । ਸਾਰਾ ਦ੍ਰਿਸ਼ਟੀ-ਮੰਡਲ ਤੇ ਜੀਵ-ਜੰਤ ਉਹਨਾਂ ਨੂੰ ਪਰਮੇਸ਼ਰ ਦੇ ਹੁਕਮ, ਭੈਅ ਤੇ ਰਜ਼ਾ ਵਿੱਚ ਵਿਚਰਦਾ ਹੀ ਦਿਖਾਈ ਦਿੰਦਾ ਸੀ । ਗੁਰੂ ਨਾਨਕ ਦੇਵ ਜੀ ਦਾ ਸਪੱਸ਼ਟ ਨਿਰਣਾ ਸੀ ਕਿ ਦਿਸਦੇ ਤੇ ਅਣਦਿਸਦੇ ਖੰਡ, ਮੰਡਲ ਤੇ ਬ੍ਰਹਿਮੰਡ ਦਾ ਕੋਈ ਵੀ ਤੱਤ 'ਹੁਕਮ' ਤੋਂ ਬਾਹਰਾ ਨਹੀਂ :

(ੳ) ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
(ਪੰਨਾ-੧)

(ਅ) ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥
(ਸਿਧ ਗੋਸਟਿ, ਪੰਨਾ-੯੪੦)

ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ, ਵਿਚ 'ਹੁਕਮ' ਸਿਧਾਂਤ ਨੂੰ ਸੱਚ ਤੇ ਪ੍ਰਮਾਣੀਕ ਸਵੀਕਾਰ ਕਰ ਕੇ, ਦੁੱਖ ਤੇ ਸੁੱਖ ਨੂੰ ਸਮਾਨ ਮੰਨਿਆ ਜਾਂਦਾ ਹੈ । ਹੁਕਮ ਵਿਚ ਜੀਊਣ ਵਾਲਾ ਮਨੁੱਖ ਸੱਚ ਦੇ ਆਚਰਨ ਦਾ ਧਾਰਨੀ ਹੁੰਦਾ ਹੈ । ਸੱਚ-ਆਚਾਰ ਵਾਲਾ ਸਦਾ ਸੁੱਖ, ਸਹਜ ਤੇ ਅਨੰਦ ਵਿਚ ਜੀਉਂਦਾ ਹੈ । ਗੁਰੂ ਨਾਨਕ ਦੇਵ ਜੀ ਦਾ ਆਪਣਾ ਜੀਵਨ ਵੀ ਹੁਕਮੀ ਸੀ ਅਤੇ ਸ੍ਰਿਸ਼ਟੀ ਮੰਡਲ ਵਿਚ ਉਹ ਪਰਮੇਸ਼ਰ-ਹੁਕਮ ਦੀ ਵਿੱਲਖਣਤਾ ਨੂੰ ਹੀ ਲਾਗੂ ਹੋਇਆ ਵੇਖਣਾ ਚਾਹੁੰਦੇ ਸਨ । ਗੁਰੂ ਨਾਨਕ ਦੇਵ ਜੀ ਦਾ ਇਹ ਵਿਸ਼ਵਾਸ ਵੀ ਬੜਾ ਦ੍ਰਿੜ੍ਹ ਹੈ ਕਿ ਜਿਨ੍ਹਾਂ ਨੇ ਪਰਮੇਸ਼ਰ ਦੇ ਹੁਕਮ-ਰੱਹਸ ਨੂੰ ਬੁਝ ਲਿਆ ਹੈ, ਫਿਰ ਉਹ 'ਹਉਮੈਂ' ਜਾਂ ਹਉਮੈ ਦਾ ਦਵੈਤ-ਭਾਵ ਸਵੀਕਾਰ ਨਹੀਂ ਕਰਦੇ, ਕਿਉਂਕਿ ਹੁਕਮ -ਬੁੱਝਣ ਵਾਲਾ ਪਰਮੇਸ਼ਰ-ਦਰ-ਘਰ ਦੇ ਗਿਆਨ-ਪ੍ਰਕਾਸ਼ ਨੂੰ ਜਾਣ ਲੈਂਦਾ ਹੈ । ਜਿਹੜਾ ਮਨੁੱਖ ਗਿਆਨ-ਪ੍ਰਕਾਸ਼ ਨਾਲ ਸ਼ਿੰਗਾਰਿਆ ਜਾਂਦਾ ਹੈ, ਉਸ ਦਾ ਅਧਿਆਤਮਿਕ ਅਨੁਭਵ ਇੰਨਾ ਉੱਚਾ ਹੋ ਜਾਂਦਾ ਹੈ ਕਿ ਉਸ ਨੂੰ ਹਿਕਮਤ ਜਾਂ ਹਉਮੈ ਝੱਖ ਮਾਰਨ ਦੇ ਬਰਾਬਰ ਦਿਸਦੀ ਹੈ :

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥੯॥ (ਆਸਾ ਮ: ੧, ਪੰਨਾ-੪੬੭)

ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ 'ਨਾਮ ਸਿਮਰਨ' ਕਰਨ ਤੇ ਲੋਕਾਂ ਨੂੰ ਨਾਮ-ਸਿਮਰਨ ਨਾਲ ਜੋੜਨ ਵਾਸਤੇ ਭੇਟ ਹੁੰਦਾ ਰਿਹਾ ਹੈ । ਨਾਮ-ਸਿਮਰਨ ਨੂੰ ਸਮਰਪਿਤ ਆਤਮਾ ਭਾਵੇਂ ਸਰਗੁਣ ਸਰੂਪ ਵਿਚ ਜੀਵੇ, ਉਸ ਦੇ ਆਚਾਰ, ਵਿਚਾਰ ਤੇ ਵਿਹਾਰ ਵਿਚ ਹਉਮੈ-ਹੰਕਾਰ, ਲੋਭ-ਲਾਲਚ, ਮਾਇਆ-ਮੋਹ, ਕਰੋਧ-ਚੰਡਾਲ ਬਿਲਕੁਲ ਨਹੀਂ ਹੁੰਦਾ । ਨਾਮ ਸਿਮਰਨ ਦੀ ਕਿਰਿਆ ਸੱਚ-ਚਰਿਤਰ ਨਾਲ ਜੁੜੀ ਅਧਿਆਤਮਿਕ ਕਿਰਿਆ ਹੀ ਹੈ, ਪਰ 'ਹਉਮੈ-ਹੰਕਾਰ' ਨਾਲ ਜੁੜੀਆਂ ਕੀਮਤਾਂ ਨਾਸ਼ਵਾਨ ਵੀ ਹਨ, ਵਿਕਾਰੀ ਤੇ ਸੰਸਾਰੀ ਵੀ ਹਨ । ਨਾਮ ਤੇ ਹਉਮੈ ਦੋ ਵਿਰੋਧੀ ਸਿਰੇ ਹਨ । ਦੋਹਾਂ ਵਿਚ ਨਾ ਕੋਈ ਸਾਂਝ ਹੈ ਤੇ ਨਾ ਹੀ ਮੇਲ ਹੈ । ਗੁਰੂ ਨਾਨਕ ਦੇਵ ਜੀ ਸਾਰਾ ਜੀਵਨ ਸਾਂਝ ਅਤੇ ਮੇਲ-ਮਿਲਾਪ ਦੇ ਹਿਤੈਸ਼ੀ ਅਤੇ ਅਭਿਲਾਸ਼ੀ ਸਨ । ਮੇਲ-ਮਿਲਾਪ, ਬੋਲ-ਚਾਲ, ਵਾਦ-ਵਿਵਾਦ, ਅਦਾਨ-ਪ੍ਰਦਾਨ ਉਹਨਾਂ ਦਾ ਅਨੇਕਾਂ ਨਾਲ ਹੋਇਆ, ਪਰ ਇਤਿਹਾਸ ਸਾਖੀ ਹੈ ਕਿ 'ਸਾਂਝ' ਗੁਰੂ ਨਾਨਕ ਦੇਵ ਜੀ ਦੀ ਜਿਥੇ ਵੀ ਪਈ, ਉਹ ਸਦ ਗੁਣ, ਸੱਚ-ਗਿਆਨ ਤੇ ਨਾਮ-ਧਨ ਦੇ ਆਧਾਰ ਉਤੇ ਹੀ ਪਈ :

(ੳ) ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ
ਹਉਮੈ ਜਾਇ ॥੬ ॥੨॥
(ਮਾਰੂ ਮ: ੧, ਪੰਨਾ-੧੦੧੦)

(ਅ) ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ
ਸੰਸਾਰਿ ॥੬ ॥੩॥ (ਮ:੧–੧੦੧੦)

(ੲ) ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ
ਲਾਦਿ ॥੧॥੪॥ (ਮ: ੧–੧੦੧੦)

(ਸ) ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ
ਬਧਾ ਛੁਟਹਿ ਜਿਤੁ ॥੩ ॥
(ਮ: ੧, ਪੰਨਾ-੭੫)

ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ ਸਾਂਝ ਤੇ ਸਾਂਝੀਵਾਲਤਾ ਦੇ ਸਿਧਾਂਤਾਂ ਨੂੰ ਵੀ ਸਮਰਪਿਤ ਸੀ । ਦੰਪਤੀ ਜੀਵਨ ਦੇ ਰਿਸ਼ਤਿਆਂ ਨੂੰ ਉਹਨਾਂ ਨੇ ਭਰਪੂਰ ਪਿਆਰ ਨਾਲ ਪਾਲਿਆ । ਪਰ ਕੁੱਲ-ਕਿਰਤ, ਜਨਮ-ਜਾਤਿ, ਰੂਪ-ਰੰਗ, ਵਰਨ-ਧਰਮ ਦੇ ਵੰਡ ਵਿਤਕਰਿਆਂ ਨੂੰ ਉਹਨਾ ਬਿਲਕੁਲ ਸਵੀਕਾਰ ਨਾ ਕੀਤਾ । ਖੂਨੀ ਰਿਸ਼ਤਿਆਂ ਦੇ ਪਾਸਾਰ ਵਿੱਚ ਜਿਹੜਾ ਪਰੰਪਰਾਗਤ ਹੱਕ ਜਾਂ ਅਧਿਕਾਰ ਦਾ ਸਿਧਾਂਤ ਸੀ, ਗੁਰੂ ਨਾਨਕ ਦੇਵ ਜੀ ਨੇ ਉਸ ਹੱਕ ਜਾਂ ਅਧਿਕਾਰ ਨੂੰ ਰੱਦਿਆ ਹੀ ਨਹੀਂ, ਸਗੋਂ ਸੱਚ, ਹੁਕਮ, ਨਾਮ, ਗੁਣ ਤੇ ਸਾਂਝੀਵਾਲਤਾ ਦੀ ਦ੍ਰਿਸ਼ਟੀ ਤੋਂ ਯੋਗਤਾ ਨੂੰ ਪਹਿਲ ਦੇ ਕੇ, ਆਪਣਾ ਤਨ, ਮਨ ਤੇ ਧਨ ਪੁੱਤਰਾਂ-ਪੋਤਰਿਆਂ ਦੀ ਥਾਂ, 'ਗੁਰਤਾ' ਦੇਣ ਵੇਲੇ, ਸਚਿਆਰ ਸਿੱਖਾਂ ਨੂੰ ਸੌਂਪ ਦਿੱਤਾ ਹੈ । ਸੱਚ ਤੇ ਸਚਿਆਰ, ਧਰਮ-


www.AKJ.Org

ਆਚਾਰ ਤੇ ਸੰਤ ਪੁਰਸ਼ਾਂ ਨੂੰ ਉਭਾਰਨਾ ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਵਿਸ਼ੇਸ਼ ਉਦੇਸ਼ ਸੀ ।

ਪਰਮੇਸ਼ਰ ਵਲੋਂ ਪ੍ਰਗਟ ਰੂਪ ਵਿਚ ਜੋ ਸੰਦੇਸ਼ ਤੇ ਉਦੇਸ਼ ਮਾਨਵਤਾ ਤੱਕ ਪਹੁੰਚਾਣ ਲਈ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ, ਗੁਰੂ ਨਾਨਕ ਦੇਵ ਜੀ ਨੇ ਸਾਰਾ ਜੀਵਨ ਪਹਿਲਾਂ ਉਸ ਸੰਦੇਸ਼ ਦੀ ਤਾਬਿਆ ਵਿਚ ਰਹਿ ਕੇ ਆਪ 'ਘਾਲਿ-ਕਮਾਈ' ਕੀਤੀ । ਇਸ ਘਾਲਿ-ਕਮਾਈ ਵਿਚ ਰੱਬ-ਸੱਚ ਦੀ ਸੰਭਾਲ ਵੀ ਸੀ, ਸਿਮਰਨ-ਸਾਧਨਾ ਵੀ ਸੀ, ਸਚਿਆਰ, ਕਿਰਤੀ ਸੇਵਕ ਤੇ ਨੇਕ-ਸਿੱਖਾਂ ਦੀ ਸੰਗਤ ਵੀ ਸੀ, ਹੁਕਮਾਉ ਅੰਦਰ ਹੋਇਆ ਧੁਰ ਦਰਗਾਹ ਤੋਂ ਬਾਣੀ ਦਾ ਪ੍ਰਕਾਸ਼ ਵੀ ਸੀ, ਮਿਠਤ-ਨੀਵੀਂ ਤੇ ਸੇਵਾ-ਉਪਕਾਰ ਦਾ ਆਚਾਰ ਵਿਹਾਰ ਵੀ ਸੀ, ਕੂੜ, ਕੁਚਲ, ਕਠੋਰ, ਕਪਟ ਤੇ ਕਰਮਕਾਂਡ ਨਾਲ ਭਰੇ ਸਮਾਜ ਨੂੰ ਸੋਧਣ ਦੀ ਵੰਗਾਰ ਵੀ ਸੀ, ਗ੍ਰਹਿਸਤ ਦੀ ਸੰਸਾਰੀ ਪਕੜ ਤਿਆਗ ਕੇ ਮਾਨਵ ਜੀਵਨ ਨੂੰ ਸੁਧਾਰ ਤੇ ਉਧਾਰ-ਲੀਹਾਂ ਪ੍ਰਦਾਨ ਕਰਨ ਦਾ ਚਾਅ ਵੀ ਸੀ । ਜੁਰਅੱਤ ਤੇ ਜਮਾਲ-ਬਿਰਤੀ ਨਾਲ ਕਿਧਰੇ ਕਿਰਤ ਕਰ ਕੇ, ਕਿਧਰੇ ਕੀਰਤੀ ਕਰ ਕੇ, ਕਿਧਰੇ ਕਰਤਾਰੀ ਗਿਆਨ-ਗੋਸ਼ਟ ਕਰ ਕੇ, ਕਿਧਰੇ ਕਰਤਾਰ ਦਾ ਵਿਸਮਾਦਕ ਸਰੂਪ ਦੱਸ ਕੇ, ਕਿਧਰੇ ਰਾਖ਼ਸ਼, ਠੱਗ, ਚੋਰ ਤੇ ਹੰਕਾਰੀਆਂ ਨੂੰ ਕਰਤਾਰੀ ਸਿਰਜ ਕੇ, ਕਿਧਰੇ ਕਰਾਂਤੀਕਾਰੀ ਰੂਪ ਵਿਖਾ ਕਿ ਤੇ ਕਿਧਰੇ ਕਰਤਾਰੀ ਤੇ ਸਿਰਜਨਾਤਮਿਕ ਸਾਹਿਤਕਾਰ ਹੋ ਕੇ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਧਰਤਿ-ਲੁਕਾਈ ਨੂੰ ਸੋਧਿਆ ਤੇ ਸੰਵਾਰਿਆ, ਉਸ ਦਾ ਸਿੱਟਾ ਹੀ ਸੀ ਕਿ ਗੁਰੂ ਨਾਨਕ ਦੇਵ ਜੀ ਪਿਛੋਂ ਬਿਲਕੁਲ ਅਕਾਲ ਰੂਪ ਗੁਰੂ ਨਾਨਕ ਦੇਵ ਜੀ ਵਰਗੇ, ਕਦੀ ਕੁਦਰਤੀ ਨੂਰ ਦੇ ਰੂਪ ਵਿਚ, ਕਦੀ ਪਰਬਤ ਮੇਰਾਣ ਦੇ ਰੂਪ ਵਿਚ, ਕਦੀ ਗੁਰ-ਭਾਈ ਦੇ ਰੂਪ ਵਿਚ, ਕਦੀ ਨਿਰਭਉ ਤੇ ਨਿਰਵੈਰ ਦੇ ਰੂਪ ਵਿਚ, ਕਦੀ ਅਸ਼ਟਮ ਬਲਬੀਰਾ ਦੇ ਰੂਪ ਵਿਚ, ਕਦੀ ਵੱਡ-ਸਾਕੇ ਦੇ ਰੂਪ ਵਿਚ ਤੇ ਕਦੀ ਮਰਦ-ਅੰਗਮੜਾ ਦੇ ਰੂਪ ਵਿਚ ਹੋਰ 'ਨਾਨਕ-ਰੂਪ' ਸਿਰਜੇ-ਸੰਵਾਰੇ ਵੀ ਗਏ ਅਤੇ ਧਰਮ-ਜਗਤ ਵਿਚ ਉਜਾਗਰ ਵੀ ਹੋਏ ।

ਜੋਤਿ ਤੇ ਜੁਗਤਿ ਦੀ ਦ੍ਰਿਸ਼ਟੀ ਤੇ ਨਿਰੰਤਰ ਦੋ ਸੌ ਸਾਲ ਇਕੋ ਪਰਮੇਸ਼ਰ ਦੀ ਇਕਸੁਰਤਾ ਨੂੰ, ਨਾਨਕ-ਬਾਣੀ ਦੇ ਇਕੋ ਸਰੂਪ ਨੂੰ, ਇਕੋ ਸੰਦੇਸ਼, ਉਪਦੇਸ਼ ਤੇ ਉਦੇਸ਼ ਨੂੰ ਸਥਾਪਿਤ ਤੇ ਸੁੱਰਖਿਅਤ ਰਖ ਸਕਣਾ, ਇਹ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਵਿੱਲਖਣ ਤੇ ਪ੍ਰਭਾਵਸ਼ਾਲੀ ਪ੍ਰਾਪਤੀ ਹੈ । ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਬਾਣੀ ਭਾਵੇਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਹੈ, ਪਰ ਸਾਰੀ ਬਾਣੀ 'ਨਾਨਕ-ਕਾਵਿ-ਮੁਹਰ' ਨਾਲ ਹੀ ਪਛਾਣੀ ਜਾਂਦੀ ਹੈ । ਗੁਰੂ ਨਾਨਕ ਦੇਵ ਜੀ ਦਾ ਸ਼ੁੱਧ ਤੇ ਸੰਪੂਰਨ ਰੂਪ 'ਸ਼ਬਦ-ਬਾਣੀ' ਹੀ ਹੈ । ਇਸੇ ਕਰਕੇ ਸਿੱਖ ਪਰੰਪਰਾ ਵਿਚ ਕਦੀ 'ਸ਼ਬਦ' ਨੂੰ 'ਗੁਰੂ' ਆਖਿਆ ਜਾਂਦਾ ਹੈ ਤੇ ਕਦੀ 'ਬਾਣੀ' ਨੂੰ 'ਗੁਰੂ' ਕਹਿ ਕੇ ਸਵੀਕਾਰ ਕੀਤਾ ਜਾਂਦਾ ਹੈ ।

ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ-ਬਾਣੀ ਦੇ ਗਿਆਨ-ਪ੍ਰਕਾਸ਼ ਨੂੰ 'ਗੁਰੂ' ਕਹਿ ਕੇ ਸਥਾਪਿਤ ਕੀਤਾ ਹੈ ।

ਗੁਰੂ ਨਾਨਕ ਦੇਵ ਜੀ ਦੀ ਇਕ ਵਿੱਲਖਣਤਾ ਇਹ ਵੀ ਹੈ ਕਿ ਉਹਨਾਂ ਦਾ ਸਮੁੱਚਾ ਜੀਵਨ 'ਮਾਨਵਤਾ' ਦੇ ਸੁਧਾਰ ਤੇ ਉਧਾਰ ਪ੍ਰਤੀ ਸੰਬੋਧਨ ਹੈ । ਸ਼ਬਦ-ਬਾਣੀ ਦਾ ਸਾਰਾ ਪ੍ਰਕਾਸ਼ ਵੀ ਮਾਨਵ-ਸਥਿਤੀਆਂ ਦੇ ਪਾਸਾਰ ਨਾਲ ਹੀ ਓਤ-ਪੋਤ ਹੈ, ਪਰ ਜੇ ਦੀਰਘ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਨੂੰ ਵੇਖੀਏ-ਵਾਚੀਏ, ਤਾਂ ਸਪੱਸ਼ਟ ਦਿਸਦਾ ਹੈ, ਕਿ ਰਾਸ ਤੇ ਰਸ ਆਤਮਕ ਹੀ ਰਹਿ ਜਾਂਦਾ ਹੈ । ਮਾਨਵ ਦਾ ਸਰਗੁਣ ਸਰੂਪ, ਉਸ ਦੀ ਹਉ-ਮੈਂ, ਜਾਤਿ-ਅਭਿਮਾਨ, ਰੂਪ-ਰੰਗ, ਉੱਚੇ-ਨੀਵੇਂ ਤੇ ਵਰਨ-ਵੰਡ ਦਾ ਵੇਰਵਾ ਪ੍ਰਥਮਤਾ ਵਜੋਂ ਜਾਂ ਪ੍ਰੌੜ੍ਹਤਾ ਵਜੋਂ ਬਿਲਕੁਲ ਦਿਖਾਈ ਨਹੀਂ ਦਿੰਦਾ । ਇੰਜ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਧਰਮ-ਸਿਰਜਨਾ ਨੂੰ ਜਦੋਂ ਨਾਨਕ ਦੇ ਦਸਵੇਂ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਸਰੂਪ ਦਿੱਤਾ, ਉਸ ਵਿਚ, ਹਉਂ- ਹਸਤੀ ਦਾ ਜਿਹੜਾ ਮਾਨਵ-ਮਾਇਆ ਜਾਂ ਦਵੈ ਰੂਪ ਸੀ, ਉਹ ਪੂਰੀ ਤਰ੍ਹਾਂ ਸਮਾਪਤ ਹੋ ਗਿਆ ਤੇ 'ਗੁਰੂ' ਗ੍ਰੰਥ ਦੇ ਸ਼ਬਦ, ਬਾਣੀ ਤੇ ਗਿਆਨ ਵਿਚ ਪ੍ਰਗਟ ਤੇ ਅਮਰ ਹੋ ਗਿਆ । 'ਗੁਰੂ' ਸਦਾ ਪ੍ਰਗਟ ਵੀ ਹੈ, ਸਭ ਥਾਈਂ ਵਿਆਪਕ ਤੇ ਸਹਾਇਕ ਵੀ ਹੈ, ਅਮਿੱਟ ਅਤੇ ਅਮਰ ਵੀ ਹੈ । ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਕਤੀ-ਸਰੋਤ ਦੇ ਵੱਡੇ ਥੰਮ 'ਸ਼ਬਦ-ਬਾਣੀ' ਅਤੇ 'ਸੰਗਤ-ਪੰਥ' ਨੂੰ ਸਵੀਕਾਰ ਕੀਤਾ ਹੈ । ਸ਼ਬਦ ਬਾਣੀ ਦਾ ਸੰਪੂਰਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਤੇ ਸੰਗਤ ਦਾ ਸੰਪੂਰਨ ਸਰੂਪ 'ਪੰਥ' ਹੈ । ਸਿੱਖ ਧਰਮ ਵਿਚ ਬਾਣੀ ਤੋਂ ਸੰਗਤ ਦੀ ਆਤਮਕ ਸਾਂਝ ਦਾ ਜਿਹੜਾ ਸੰਕਲਪ 'ਗ੍ਰੰਥ ਤੇ ਪੰਥ' ਦੇ ਰੂਪ ਵਿਚ, ਗੁਰੂ ਗੋਬਿੰਦ ਸਿੰਘ ਜੀ ਰਾਹੀ ਸੰਪੂਰਨਤਾ ਪ੍ਰਾਪਤ ਕਰਦਾ ਹੈ, ਇਸ ਸੰਕਲਪ ਦੀ ਸੋਚ ਨੂੰ ਵੀ ਗੁਰੂ ਨਾਨਕ ਦੇਵ ਜੀ ਨੇ ਹੀ ਸਥਾਪਿਤ ਕੀਤਾ ਸੀ ।


www.AKJ.Org

ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ 'ਬਾਣੀ ਤੇ ਸੰਗਤ' ਦਾ ਬੜਾ ਮਹੱਤਵਪੂਰਨ ਸਥਾਨ ਸੀ । 'ਬਾਣੀ' ਉਹਨਾਂ ਦਾ ਆਤਮਕ-ਆਧਾਰ ਸੀ ਤੇ ਸੰਗਤ ਉਹਨਾਂ ਦੀ ਸਮਾਜਕ ਤੇ ਰਾਜਨੀਤਕ ਓਟ ਸੀ । ਬਾਣੀ ਵਿਚ ਵੀ ਪ੍ਰਧਾਨਤਾ ਅਕਾਲ ਪੁਰਖ ਦੀ ਸੀ ਤੇ ਸੰਗਤ ਵੀ ਉਹਨਾਂ ਉਹ ਸਵੀਕਾਰ ਕੀਤੀ, ਜਿਸ ਵਿਚ 'ਹਰਿ-ਪ੍ਰਭੂ' ਵਸਦਾ ਸੀ । ਅਕਾਲ ਪੁਰਖ ਜਾਂ ਹਰਿ-ਪ੍ਰਭੂ ਹੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਕੇਂਦਰ-ਬਿੰਦੂ ਸੀ । ਦੂਜਾ ਜਾਂ ਦਵੈਤ ਦੀ ਮਾਨਸ ਸੰਦੀ ਆਸ ਜਾਂ ਓਟ ਉਹਨਾਂ ਨਾ ਕਦੀ ਸੋਚੀ ਸੀ ਅਤੇ ਨਾ ਹੀ ਕਦੀ ਸਵੀਕਾਰ ਕੀਤੀ ਸੀ । ਸਾਰੀ ਉਦਾਸੀ-ਯਾਤਰਾ ਵਿਚ ਗੁਰੂ ਨਾਨਕ ਦੇਵ ਜੀ ਤੇ ਰਬਾਬੀ ਸਾਥੀ ਭਾਈ ਮਰਦਾਨਾ ਭਾਵੇਂ ਦੋਵੇਂ ਇਕ ਦੂਜੇ ਨਾਲ ਇਕ ਸੁਰ ਸਨ, ਦੋਹਾਂ ਦੀ ਸਰੀਰਕ ਸ਼ਕਤੀ ਵੀ ਸੀ, ਪਰ ਇਹ ਸ਼ਕਤੀ-ਸਮਰੱਥਾ ਇੰਨੀ ਨਹੀਂ ਸੀ ਕਿ ਉਹ ਨਿਡਰ ਤੇ ਸਿਰਲੱਥ ਹੋ ਕੇ ਭਾਰਤੀ ਤੀਰਥਾਂ ਉਤੇ ਪਰੰਪਰਾਗਤ ਤੇ ਅਭਿਮਾਨੀ ਪਾਂਡਿਆਂ ਨਾਲ ਜਾ ਟਕਰਾਂਦੇ ਜਾਂ ਇਸਲਾਮੀ ਕੇਂਦਰਾਂ ਉੱਤੇ ਪਹੁੰਚ ਕੇ ਭਾਵਕ ਤੇ ਸਿਧਾਂਤਕ ਪੱਧਰ ਉਤੇ ਕਾਜ਼ੀਆਂ-ਮੁੱਲਾਂ ਨੂੰ ਜਾ ਵੰਗਾਰਦੇ, ਅਖੀਰ ਪਰਬਤਾਂ ਉਤੇ ਜਾ ਕੇ ਸਿੱਧਾਂ-ਜੋਗੀਆਂ ਨਾਲ ਵਾਦ-ਵਿਵਾਦ ਜਾਂ ਗੋਸ਼ਟਿ ਰਚਾ ਲੈਂਦੇ । ਗੁਰੂ ਨਾਨਕ ਦੇਵ ਜੀ ਦੀ ਨਿਡਰ ਤੇ ਸਿਰਲੱਥ-ਸ਼ਕਤੀ ਦੇ ਰੱਹਸ ਬਾਰੇ ਸਿੱਧਾਂ ਗੁਰੂ ਜੀ ਕੋਲ ਇਕ ਸਵਾਲ ਕੀਤਾ ਸੀ :

**ਸਿਧ ਪੁਛਣਿ ਸੁਣਿ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ ॥** ਵਾਰਾਂ ਭਾ: ਗੁਰਦਾਸ, ੧/੨੮

ਤਾਂ ਭਾਈ ਗੁਰਦਾਸ ਜੀ ਦੀ ਬੋਲੀ ਵਿਚ ਗੁਰੂ ਨਾਨਕ ਦੇਵ ਜੀ ਦਾ ਜਵਾਬ ਇਹ ਸੀ :

**ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ ॥** ਵਾਰ ੧/੨੮

ਬਾਣੀ ਤੇ ਸੰਗਤ ਤੋਂ ਬਿਨਾਂ ਮੇਰੀ ਹੋਰ ਕੋਈ ਓਟ ਨਹੀਂ । ਦੂਜਾ 'ਸ਼ਬਦ' (ਅਕਾਲ ਪੁਰਖ ਦਾ ਅਨੁਭਵ ਪ੍ਰਕਾਸ਼) ਸ਼ਕਤੀ ਹੀ ਮੇਰੇ ਅੰਗ ਸੰਗ ਹੈ, ਜਿਹੜੀ ਮੈਨੂੰ ਤੁਹਾਡੇ ਕੋਲ ਲਿਆਈ ਹੈ ਅਤੇ ਹਰ ਖੇਤਰ ਵਿਚ ਮੈਨੂੰ ਵਿਜਈ ਸਾਬਤ ਕਰ ਰਹੀ ਹੈ:

(ੳ) **ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ॥** ਵਾਰ ੧/੪੨

(ਅ) **ਸ਼ਬਦਿ ਜਿਤੀ ਸਿਧ ਮੰਡਲੀ ਕੀਤੋ ਸੁ ਅਪਣਾ ਪੰਥ ਨਿਰਾਲਾ ॥** ਵਾਰ ੧/੩੨

(ੲ) **ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥** ਵਾਰ ੧/੩੭

'ਸ਼ਬਦ-ਸ਼ਕਤੀ' ਨੇ ਗੁਰੂ ਨਾਨਕ ਦੇਵ ਜੀ ਨੂੰ ਇੰਨਾ ਅਮਰੀ ਗਿਆਨ, ਇੰਨੀ ਸਮਰੱਥਾ, ਇੰਨੀ ਜੁਰਅਤ, ਇੰਨੀ ਨਿਆਂਸ਼ੀਲਤਾ, ਇੰਨਾ ਸਹਜ, ਇੰਨਾਂ ਪ੍ਰਤਾਪ ਤੇ ਪ੍ਰਭਾਵ ਪ੍ਰਦਾਨ ਕਰ ਦਿੱਤਾ ਕਿ ਉਹ ਜਿਥੇ ਵੀ ਗਏ, ਜਿਸ ਨੂੰ ਵੀ ਮਿਲੇ, ਸਭ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਬਦ-ਬਾਣੀ- ਸ਼ਕਤੀ ਅੱਗੇ ਸਿਰ ਨਿਵਾ ਕੇ ਉਹਨਾਂ ਦੀ ਪ੍ਰਤਿੱਭਾ ਨੂੰ ਧੰਨ ਧੰਨ ਵੀ ਆਖਿਆ ਤੇ 'ਵੱਡੀ ਕਮਾਈ' ਦਾ ਅਭਿਨੰਦਨ ਵੀ ਕੀਤਾ । ਗੁਰੂ ਨਾਨਕ ਦੇਵ ਜੀ ਨੇ ਜੋ ਉਦਾਸੀ-ਯਾਤਰਾ ਵਿਚ ਮਾਨਵ ਜੀਵਨ ਦੀ ਗਿਰਾਵਟ ਭਰੀ ਧਾਰਮਿਕ, ਸਮਾਜਕ ਤੇ ਰਾਜਨੀਤਕ ਸਥਿਤੀ ਵੇਖੀ, ਤਾਂ ਉਹਨਾਂ ਕੋਲ ਇਕ ਇਲਾਜ ਸੀ ਤੇ ਉਹ ਸੀ ਸੱਚ-ਵੱਖਰ ਦੇ ਵਣਜਾਰੇ, ਸਚਿਆਰ, ਸੰਤ, ਸਾਧ, ਗਿਆਨੀ ਤੇ ਜਨ-ਲੋਕਾਂ ਦੀ 'ਸੰਗਤ' ਸਿਰਜੀ ਤੇ ਸਥਾਪਿਤ ਕੀਤੀ ਜਾਵੇ । ਸੰਗਤ ਦਾ ਅਰੰਭਕ ਸੰਕਲਪ ਭਾਵੇਂ ਅਧਿਆਤਮਿਕ ਸੀ, ਪਰ ਇਸ ਦਾ ਅੰਤਿਮ ਸਰੂਪ 'ਖਾਲਸਾ' ਇੰਨਾ ਸ਼ਕਤੀਸ਼ਾਲੀ ਹੋ ਗਿਆ ਕਿ ਸਮੇਂ ਦੀਆਂ ਧਾਰਮਿਕ, ਸਮਾਜਕ ਤੇ ਰਾਜਨੀਤਕ ਸਥਿਤੀਆਂ ਨੂੰ ਬਦਲਣ ਦੇ ਸਮਰੱਥ ਹੋ ਗਿਆ । ਗੁਰੂ ਗੋਬਿੰਦ ਸਿੰਘ ਜੀ ਨੇ ਤਾਂ 'ਖਾਲਸੇ ਨੂੰ ਆਪਣਾ ਰੂਪ, ਆਪਣੇ ਪ੍ਰਾਣ, ਆਪਣਾ ਪਿੰਡ, ਆਪਣੀ ਜਾਤਿ ਤੇ ਪਤਿ ਕਹਿ ਕਿ ਇੰਨਾ ਸਨਮਾਨ ਦਿੱਤਾ ਹੈ ਕਿ ਗੁਰੂ ਤੇ ਖਾਲਸੇ ਵਿਚ ਭਿੰਨ-ਭੇਦ ਰਿਹਾ ਹੀ ਨਹੀਂ । 'ਗੁਰੂ' ਖਾਲਸੇ ਵਿਚ ਹੈ ਤੇ 'ਖਾਲਸਾ' ਗੁਰੂ ਦਾ ਰੂਪ ਹੋ ਗਿਆ ਹੈ । ਗੁਰੂ-ਖਾਲਸੇ ਨੇ ਲਗਾਤਾਰ ਤਿੰਨ ਸਦੀਆਂ ਤੋਂ ਦੁਸ਼ਟ ਸਭਨ ਨੂੰ ਜੜ੍ਹੋਂ ਉਖੇੜਨ ਵਾਸਤੇ ਸ਼ਕਤੀ ਤੇ ਬੀਰਤਾ-ਖੇਤਰ ਵਿਚ ਜੋ ਤੇਗਾਂ ਮਾਰੀਆਂ ਹਨ, ਉਹ ਸਹੀ ਅਰਥਾਂ ਵਿਚ ਸ਼ਬਦ ਤੇ ਸੰਗਤ ਦੀਆਂ ਤੇਗਾਂ ਹੀ ਹਨ । ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਹੀ ਨਹੀਂ, ਸਗੋਂ ਸਾਰੇ ਗੁਰੂ-ਜੀਵਨ ਵਿਚ ਬਾਣੀ ਤੇ ਸੰਗਤ ਨੂੰ ਬੜਾ ਸਕਤੀਸ਼ਾਲੀ ਤੇ ਮਹੱਤਵਪੂਰਨ 'ਸਰੋਤ' ਸਵੀਕਾਰ ਕੀਤਾ ਹੈ ।

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਮਾਨਵ-ਪਿਆਰ ਤੇ ਮਾਨਵ ਉਸਾਰੀ ਲਈ ਸਮਰਪਿਤ ਸੀ। ਮਾਨਵ ਨੂੰ ਰੱਬ-ਰੂਪ ਮੰਨ ਕੇ ਗੁਰੂ ਨਾਨਕ ਦੇਵ ਜੀ ਨੇ ਇੰਨਾ ਨਿੱਘਾ ਤੇ ਨੇੜੇ ਦਾ ਪਿਆਰ ਦਿੱਤਾ ਹੈ ਕਿ ਨਾ ਉਹਨਾਂ ਨੇ ਹਿੰਦੂ-ਮੁਸਲਮਾਨ ਦਾ ਫ਼ਰਕ ਦੇਖਿਆ, ਨਾ


www.AKJ.Org

ਊਚ-ਨੀਚ ਦਾ ਭੇਦ ਮੰਨਿਆ, ਅਤੇ ਨਾ ਹੀ ਅਮੀਰ-ਗਰੀਬ ਦੀ ਵੰਡ ਸਵੀਕਾਰ ਕੀਤੀ । ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਨਿਰਣਾ ਸੀ ਕਿ 'ਮਾਨਵ' ਸਭ ਅਮੋਲਵੇ ਵੀ ਹਨ ਅਤੇ ਬਰਾਬਰ ਵੀ ਹਨ । ਵਡੇ-ਛੋਟੇ ਤੇ ਚੰਗੇ-ਭੈੜੇ ਦੀ ਪਛਾਣ ਦਾ ਆਧਾਰ ਸ਼ੁੱਭ ਅਮਲ ਹਨ । ਜੇ ਅਮਲ ਤੇ ਨੀਅਤ ਸ਼ੁੱਭ ਹੈ, ਤਾਂ ਸਾਰੇ ਕਾਰਜ ਰਾਸ ਹਨ । ਗੁਰੂ ਨਾਨਕ ਦੇਵ ਜੀ ਦੀ ਜੀਵਨ-ਸਫਲਤਾ ਦਾ ਇਕ ਰਾਜ਼ ਇਹ ਵੀ ਹੈ ਕਿ ਉਹ ਭਰਮ, ਪਾਖੰਡ ਤੇ ਪਾਪ ਕੁਕਰਮਾਂ ਤੋਂ ਬਹੁਤ ਉੱਚੇ ਸਨ । 'ਭਰਮ' ਬਾਰੇ ਗੁਰੂ ਨਾਨਕ ਦੇਵ ਜੀ ਦੀ ਸਪਸ਼ਟ ਰਾਏ ਸੀ ਕਿ ਸੱਚ ਤੇ ਸਹਜ ਦੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ 'ਭਰਮ' ਦੀ ਹੈ । ਭਰਮ ਕਾਰਨ ਹੀ ਪਾਖੰਡ ਕਰਨਾ ਪੈਂਦਾ ਹੈ ਤੇ ਪਾਖੰਡ ਵਿਚੋਂ ਫਿਰ ਪਾਪ ਜਾਗਦਾ ਹੈ । ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਸੱਚ ਬੋਲਣ, ਸੱਚ ਸੰਭਾਲ ਤੇ ਸੱਚ-ਆਚਾਰ ਕਮਾਣ ਉਤੇ ਇਸ ਕਰਕੇ ਜ਼ੋਰ ਦਿੱਤਾ, ਤਾਂਕਿ 'ਮਾਨਵ' ਭਰਮ ਤੋਂ ਆਜ਼ਾਦ ਹੋ ਸਕੇ । ਪਾਖੰਡਾਂ ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਇੰਨਾ ਅੰਦੋਲਣ ਆਰੰਭਿਆ ਕਿ ਹਰ ਕਿਸੇ ਨੂੰ ਆਖਿਆ- 'ਛੋਡੀਲੇ ਪਾਖੰਡਾ' । ਪਾਪ ਕਮਾਉਣ ਵਾਲੇ ਨੂੰ ਤਾਂ ਸਾਫ ਕਹਿ ਦਿੱਤਾ ਕਿ ਲੋਕ ਤੇ ਪ੍ਰਲੋਕ ਵਿਚ ਤੇਰਾ ਕੋਈ ਵੀ ਬੇਲੀ ਨਹੀਂ । ਮਾਇਆ ਨਾਲ ਪਾਪ ਜੋੜ ਕੇ ਤੇ ਮਾਇਆ- ਧਾਰੀਆਂ ਨੂੰ ਅੰਨਾ ਬੋਲਾ ਕਹਿ ਕੇ ਮਾਨਵ-ਸਮਾਜ ਦੀ ਉਸਾਰੀ ਵਿਚ ਜੋ ਅਗਵਾਈ ਤੇ ਦੇਣ ਗੁਰੂ ਨਾਨਕ ਦੇਵ ਜੀ ਨੇ ਦਿਤੀ ਹੈ, ਉਸ ਦਾ ਸਿੱਟਾ ਇਹ ਵੀ ਹੈ ਕਿ ਗੁਰੂ ਨਾਨਕ ਦੇਵ ਜੀ ਪਿਛੋਂ ਮਾਨਵ-ਸਮਾਜ ਵਿਚ ਵੰਡ-ਵਿਤਕਰੇ ਦੇ ਮੁਕਾਬਲੇ ਏਕਤਾ ਤੇ ਬਰਾਬਰੀ ਦੀ ਸੁਰ ਉੱਚੀ ਹੋਣ ਲਗ ਪੈਂਦੀ ਹੈ, ਪ੍ਰੇਮ ਤੇ ਸੰਗਤੀ ਭਾਵਨਾ ਵੀ ਪ੍ਰਚੰਡ ਹੋਣ ਲਗ ਪੈਂਦੀ ਹੈ, ਦੁਨਿਆਵੀ ਬਾਦਸ਼ਾਹ ਦੇ ਬਰਾਬਰ ਸੱਚੇ ਪਾਤਿਸ਼ਾਹ, ਸੱਚਾ ਤਖ਼ਤ, ਸੱਚਾ ਦਰਬਾਰ, ਸੱਚਾ ਹੁਕਮ ਤੇ ਸੱਚ-ਨਿਆਂ ਦਾ ਬੋਲ ਉਚਾ ਹੋਣ ਲੱਗ ਪੈਂਦਾ ਹੈ । ਇਤਿਹਾਸਕ ਸੱਚ ਵੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ, ਸ਼ਖ਼ਸੀਅਤ ਤੇ ਬੋਲਾਂ ਨੇ, ਖਾਸ ਕਰ ਕੇ ਪੰਜਾਬ ਨੂੰ ਗੁਰੂ-ਕੇਂਦਰਿਤ ਕਰ ਦਿੱਤਾ । ਭਾਈ ਗੁਰਦਾਸ ਜੀ ਦੇ ਬੋਲ ਸਾਖੀ ਹਨ :

**ਪੰਜਾਬੇ ਗੁਰ ਕੀ ਵਡਿਆਈ ।।**

ਵਾਰਾਂ ਭਾਈ: ਗੁਰਦਾਸ, ੨੨/ ੨੪

ਪੰਜਾਬ ਗੁਰੂ-ਪ੍ਰਕਾਸ਼, ਗੁਰੂ ਛੋਹ, ਗੁਰੂ-ਵਡਿਆਈਆਂ ਤੇ ਗੁਰੂ ਯਾਦਾਂ ਨਾਲ ਸ਼ਿੰਗਾਰਿਆ ਹੋਇਆ ਹੈ ।

ਗੁਰੂ ਨਾਨਕ ਦੇਵ ਜੀ ਨੂੰ ਪੰਜਾਬ ਦੀ ਸੰਸਾਰ ਨੂੰ ਅਦੁੱਤੀ ਦੇਣ ਹੀ ਕਹਿਣਾ ਚਾਹੀਦਾ ਹੈ । ਗੁਰੂ ਨਾਨਕ ਦੇਵ ਜੀ ਰਾਹੀਂ ਹੀ 'ਪੰਜਾਬ' ਸਾਰੇ ਭਾਰਤ ਤੇ ਸੰਸਾਰ ਵਿਚ ਆਪਣੇ ਉਪਜਾਊ ਤੇ ਅਗਾਂਹ-ਵਧੂ ਤੱਤਾਂ ਤੇ ਸਭਿਅਤਾ ਕਰ ਕੇ ਜਾਣਿਆ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਦਾ ਜਨਮ ਭਾਵੇਂ ਪੰਜਾਬ ਦੀ ਧਰਤੀ ਉੱਤੇ ਹੋਇਆ ਹੈ ਪਰ ਆਪਣੇ ਜੀਵਨ ਦਾ ਬਹੁਤਾ ਸਮਾਂ ਉਹਨਾਂ ਪੰਜਾਬੋਂ ਬਾਹਰ ਹੀ ਗੁਜ਼ਾਰਿਆ ਹੈ । ਪੰਜਾਬੋਂ ਬਾਹਰ ਰਹਿ ਕੇ, ਸਾਰੇ ਸਫ਼ਰ ਵਿਚ ਜੋ ਅਨੁਭਵ ਗਿਆਨ, ਸੋਚ, ਮੇਲ-ਜੋਲ, ਤੇ ਵਿਚਾਰ-ਵਟਾਂਦਰੇ ਰਾਹੀਂ, ਜਿਹੜੀ ਸਿਖਿਆ ਤੇ ਸਭਿਅਤਾ, ਜੀਵਨ ਨੂੰ ਸਫਲ ਤੇ ਸਾਰਥਿਕ ਬਣਾਉਣ ਵਾਸਤੇ ਉਹਨਾਂ ਪ੍ਰਾਪਤ ਕੀਤੀ, ਆਪਣੇ ਜੀਵਨ ਦੇ ਅਖ਼ੀਰਲੇ ੧੮ ਸਾਲਾਂ ਵਿਚ, ਖਾਸ ਕਰਕੇ ਕਰਤਾਰਪੁਰ ਵਿਚ, ਉਹਨਾਂ ਬੜੀ ਖ਼ੂਬਸੂਰਤੀ ਨਾਲ, ਪੰਜਾਬੀ ਜੀਵਨ ਦੀ ਅਧਿਆਤਮਿਕ ਤੇ ਆਦਰਸ਼ਕ ਉਸਾਰੀ ਲਈ, ਉਸ ਨੂੰ ਵਰਤਿਆ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਧਰਤੀ ਉਤੇ ਇਕ ਐਸੀ ਧਰਮ-ਟਕਸਾਲ ਨੂੰ ਸਿਰਜਿਆ, ਜਿਸ ਨੂੰ 'ਧਰਮਸਾਲ' ਵੀ ਆਖਿਆ ਜਾਂਦਾ ਹੈ, ਜਿਥੇ ਸਹੀ ਅਰਥਾਂ ਵਿਚ ਅਕਾਲ ਰੂਪ ਤੇ ਨਦਰਿ-ਨਿਹਾਲ ਰੂਪ ਦੀ ਘਾੜਤ ਕੀਤੀ ਜਾਂਦੀ ਸੀ । ਇਸ ਧਰਮ-ਟਕਸਾਲ ਵਿਚੋਂ ਘੜੇ ਜਾਣ ਵਾਲੇ ਜੋ ਆਚਾਰ, ਮਰਯਾਦਾ ਤੇ ਰਾਸਿ ਗੁਰੂ ਨਾਨਕ ਦੇਵ ਜੀ ਨੇ ਨਿਯਮਬੱਧ ਕੀਤੀ, ਉਸ ਵਿਚ ਉਹਨਾਂ ਨੇ ਸਭ ਕੁਝ ਉਹ ਰੱਖਿਆ, ਜੋ ਆਪਣੀ ਧਰਮਸਾਲ ਜੀਵਨ-ਕਮਾਈ ਵਿਚ ਘਾਲਿਆ ਅਤੇ ਮਾਣਿਆ ਸੀ ।

ਗੁਰੂ ਨਾਨਕ ਦੇਵ ਜੀ ਦੀ ਸਾਰੀ ਰਾਸਿ-ਪੂੰਜੀ ਵਿਆਪਕ ਰੂਪ ਵਿਚ ਅਧਿਆਤਮਿਕ ਹੀ ਸੀ । ਸਮਾਜਕ ਗਿਰਾਵਟ ਤੇ ਰਾਜਨੀਤਕ-ਗੁਲਾਮੀ ਨਾਲ ਉਹ ਸਦਾ ਟਕਰਾਏ । ਬਾਬਰ ਵਰਗੀਆਂ ਜ਼ਾਲਮ ਤੇ ਹਾਕਮ-ਸ਼ਖਸੀਅਤਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਜ਼ਾਲਮ, ਸ਼ੀਂਹ ਤੇ ਕੁੱਤੇ ਤੱਕ ਆਖਿਆ। ਉਹਨਾਂ ਨੇ ਸੱਚੇ ਸਾਹਿਬ ਤੇ ਸੱਚੇ ਨਾਮ ਤੋਂ ਬਿਨਾਂ ਕਿਸੇ ਦੀ ਵੀ ਪਰਵਾਹ ਨਾ ਕੀਤੀ । ਜਿਸ ਜੁਰਅਤ ਤੇ ਨਿਡਰਤਾ ਨਾਲ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨੀਆਂ ਤੇ ਖਾਸ ਕਰਕੇ ਪੰਜਾਬੀਆਂ ਨੂੰ ਆਪਣਾ ਬੋਲ, ਆਪਣੀ ਪਤਿ, ਆਪਣੀ ਸੁਤੰਤਰਤਾ, ਆਪਣਾ ਜਨਮ-ਸਿੱਧ ਅਧਿਕਾਰ ਤੇ ਆਪਣਾ ਗੌਰਵ ਸੰਭਾਲਣ ਲਈ ਪਰੇਰਿਆ ਤੇ ਵੰਗਾਰਿਆ, ਨਿਸਚੇ ਹੀ ਅਜਿਹੀ ਜਾਗ੍ਰਿਤ-ਪਰੰਪਰਾ ਸਾਰੇ ਭਗਤੀ ਤੇ ਸੰਤ-



www.AKJ.Org

ਸਾਹਿਤ-ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੇ 'ਮਰਦੇ ਕਾਮਿਲ' ਹੋਣ ਦਾ ਪ੍ਰਮਾਣ ਵੀ ਬਣਦੀ ਹੈ । ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਭਾਵੇਂ ਪੰਜਾਬ ਨਾਲ ਜੁੜਿਆ ਹੋਇਆ ਹੈ ਤੇ ਸਾਰੀ ਬਾਣੀ ਵੀ ਪੰਜਾਬੀ-ਅੱਖਰ-ਬੋਲੀ ਵਿਚ ਹੀ ਮੂਰਤੀਮਾਨ ਹੋਈ ਹੈ, ਪਰ ਉਹਨਾਂ ਦੀ ਸੋਚ, ਸਿਖਿਆ, ਸੰਦੇਸ਼ ਤੇ ਸਾਰਥਿਕਤਾ ਮਾਨਵ-ਹਿਤਕਾਰੀ ਵੀ ਹੈ ਤੇ ਸਰਬੱਤ ਤੇ ਭਲੇ ਵਾਸਤੇ ਵੀ ਹੈ । ਇਹੀ ਕਾਰਨ ਹੈ ਕਿ ਭਾਈ ਗੁਰਦਾਸ ਜੀ ਤੇ ਭੱਟ ਕਵੀ ਜਦੋਂ ਗੁਰੂ ਨਾਨਕ ਦੇਵ ਜੀ ਦੀ ਜੱਸ-ਕੀਰਤੀ ਗਾਇਨ ਕਰਨ ਲਗਦੇ ਹਨ, ਤਾਂ ਉਹ ਗੁਰੂ ਨਾਨਕ ਦੇਵ ਜੀ ਨੂੰ ਕੇਵਲ- ਪੰਜਾਬ ਨਾਲ ਹੀ ਨਹੀਂ, ਸਗੋਂ ਭਾਰਤੀ ਪਰੰਪਰਾ ਨਾਲ ਜੋੜਦੇ 'ਜਗਤ-ਗੁਰੂ' ਕਹਿਣ ਦਾ ਆਪਣਾ ਸਤਿਕਾਰ ਤੇ ਮਾਣ ਵੀ ਭੇਂਟ ਕਰਦੇ ਹਨ :

(ੳ) ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ ।।
ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ ।। ਵਾਰ ੧/੩੪

(ਅ) ਸਿਧ ਬੋਲਨਿ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ।।
ਵਡਾ ਪੁਰਖ ਪ੍ਰਗਟਿਆ ਕਲਿਯੁਗ ਅੰਦਰਿ ਜੋਤਿ ਜਗਾਈ ।। ਵਾਰ ੧/੪੪

ਨਿਸਚੇ ਹੀ ਗੁਰੂ ਨਾਨਕ ਦੇਵ ਜੀ ਵੱਡੇ ਪੁਰਖ ਵੀ ਹਨ, ਸੱਚ-ਵੱਖਰ ਦੇ ਸੁਆਮੀ ਵੀ ਹਨ, ਬਾਣੀ ਤੇ ਸੰਗਤੀ ਸੰਕਲਪ ਦੇ ਬਾਨੀ ਵੀ ਹਨ, ਸਿੱਖੀ ਅਤੇ ਸੰਗਤੀ ਨੂੰ ਖਾਲਸਾ ਰੂਪ ਪ੍ਰਦਾਨ ਕਰਨ ਵਾਲੇ ਵੀ ਹਨ, ਤੇ ਭਾਰਤੀ ਭਗਤੀ ਲਹਿਰ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰਨ ਵਾਲੇ ਤੇ ਮਰਦੇ-ਕਾਮਿਲ ਹੋਣ ਦੇ ਮਾਣ ਪ੍ਰਾਪਤ ਕਰਨ ਵਾਲੇ ਜਗਤ-ਗੁਰੂ ਵੀ ਹਨ ।

> **ਕਲਿਜੁਗਿ ਪ੍ਰਮਾਣ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ।।**
> **ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ।।੭।।**
> (ਪੰਨਾ–੧੩੯੯–੯੦)

# ਜੀਵਨ ਬਿਉਰਾ ਸ੍ਰੀ ਗੁਰੂ ਨਾਨਕ ਦੇਵ ਜੀ

**ਜਨਮ** :- ੧੫ ਅਪ੍ਰੈਲ, ਸੰਨ ੧੪੬੯ ਈਸਵੀ (ਵੈਸਾਖ ਸੁਦੀ ੩-੨੦ ਵੈਸਾਖ ਸੰਮਤ ੧੫੨੬ ਬਿਕਰਮੀ)। ਕਈ ਲਿਖਾਰੀ ੨੦ ਅਕਤੂਬਰ, ੧੪੬੯ ਮੁਤਾਬਕ ਕੱਤਕ ਸੁਦੀ ੧੫, ਸੰਮਤ ੧੫੨੬ ਲਿਖਦੇ ਹਨ ।

**ਜਨਮ ਅਸਥਾਨ** : ਰਾਏ ਭੋਇ ਦੀ ਤਲਵੰਡੀ, ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ।

**ਪਿਤਾ** : ਮਹਿਤਾ ਕਲਿਆਣ ਦਾਸ (ਮਹਿਲਾ ਕਾਲੂ ਜੀ) ।

**ਮਾਤਾ** : ਮਾਤਾ ਤ੍ਰਿਪਤਾ ਜੀ ।

**ਭੈਣ ਭਰਾ** : ਕੇਵਲ ਇਕ ਭੈਣ ਬੇਬੇ ਨਾਨਕੀ ਜੀ ।

**ਵਿਆਹ** : ਬੀਬੀ ਸੁਲੱਖਣੀ (ਸਪੁੱਤ੍ਰੀ ਸ੍ਰੀ ਮੂਲ ਚੰਦ ਜੀ) ਨਾਲ, ੨੪ ਜੇਠ, ਸੰਮਤ ੧੫੪੪ ।

**ਸੰਤਾਨ** : ਬਾਬਾ ਸ੍ਰੀ ਚੰਦ ਜੀ, ਬਾਬਾ ਲਖਮੀ ਦਾਸ ਜੀ ।

**ਉਦਾਸੀਆਂ** :– ਪਹਿਲੀ (ਪੂਰਬ ਵਲ)- ਸੰਮਤ ੧੫੫੫ ਤੋਂ ੧੫੬੬ ।
ਦੂਜੀ (ਦੱਖਣ ਵਲ)- ਸੰਮਤ ੧੫੬੭ ਤੋਂ ੧੫੭੨ ।
ਤੀਜੀ (ਉੱਤਰ ਵਲ)- ਸੰਮਤ ੧੫੭੪ ਤੋਂ ੧੫੭੬ ।
ਚੌਥੀ (ਪੱਛਮ ਵਲ)- ਸੰਮਤ ੧੫੭੬ ਤੋਂ ੧੫੮੦ ।

**ਨਗਰ ਵਸਾਏ** :- ਕਰਤਾਰ ਪੁਰ (ਪਾਕਿਸਤਾਨ) ਦਰਿਆ ਰਾਵੀ ਕੰਢੇ, ਪਹਿਲੀ ਉਦਾਸੀ ਤੋਂ ਬਾਅਦ ।

**ਪੰਜਵੀਂ ਪ੍ਰਚਾਰ ਫੇਰੀ**- ਅਚਲ ਵਟਾਲੇ ਤੇ ਮੁਲਤਾਨ । ਸੰਮਤ ੧੫੮੬ ਤੋਂ ੧੫੮੮ ।

**ਸ੍ਰੀ ਕਰਤਾਰ ਪੁਰ ਨਿਵਾਸ** :– ਸੰਮਤ ੧੫੮੨ ਤੋਂ ।

**ਗੁਰਿਆਈ ਬਖਸ਼ੀ** :- ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ੧੭ ਹਾੜ, ਸੰਮਤ ੧੫੯੬ ।

**ਬਾਣੀ** :- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਉਚਾਰਨ ਕੀਤੀ ਬਾਣੀ ੧੯ ਰਾਗਾਂ ਵਿੱਚ ਦਰਜ ਹੈ ਜਿਸ ਦਾ ਵੇਰਵਾ ਇਉਂ ਹੈ–

| | | | |
|---|---|---|---|
| ਸ਼ਬਦ | - ੨੦੯ | ਅਸ਼ਟਪਦੀਆਂ | - ੧੨੩ |
| ਛੰਤ | -੨੫ | ਵਾਰਾਂ | - ੩ |

(ਰਾਗ ਮਾਝ, ਆਸਾ ਤੇ ਮਲਾਰ ਵਿੱਚ)

**ਜੋਤੀ ਜੋਤਿ ਸਮਾਏ** :- ਸ੍ਰੀ ਕਰਤਾਰ ਪੁਰ ਵਿਖੇ, ੨੨ ਸਤੰਬਰ, ਸੰਨ ੧੫੩੯ ਈ: (੨੩ ਅੱਸੂ ਸੰਮਤ ੧੫੯੬)

**ਕੁੱਲ ਉਮਰ** :- ੭੦ ਸਾਲ ।

**ਨੋਟ** :- ਬਿਕਰਮੀ ਸੰਮਤ ਵਿਚੋਂ ੫੭ ਸਾਲ ਘਟਾਉਣ ਨਾਲ ਈਸਵੀ ਸੰਨ ਦਾ ਪਤਾ ਲੱਗ ਜਾਂਦਾ ਹੈ ।


www.AKJ.org

# ਬਾਬਾ ਗਿਆ ਬਗਦਾਦ ਨੂੰ

(ਭਾਈ ਨਰੈਣ ਸਿੰਘ ਜੀ)

ਮੱਕੇ ਦੀ ਯਾਤਰਾ ਪਿਛੋਂ ਸਤਿਗੁਰੂ ਨਾਨਕ ਦੇਵ ਜੀ ਪੱਛਮੀ ਦੇਸ਼ਾਂ ਦੇ ਕਈ ਹੋਰ ਉੱਘੇ ਮੁਸਲਮਾਨੀ ਸਥਾਨਾਂ ਤੋਂ ਹੁੰਦੇ ਹਵਾਉਂਦੇ ਸੰਨ ੧੫੨੦ ਈਸਵੀ ਦੇ ਕਰੀਬ ਬਗਦਾਦ ਪਹੁੰਚੇ । ਇਸ ਸਮੇਂ ਆਪ ਦੀ ਆਯੂ ੫੦ ਵਰ੍ਹੇ ਤੋਂ ਉਪਰ ਸੀ ਅਤੇ ਆਪ ਇਸ ਤੋਂ ਪਹਿਲੋਂ ਭਾਰਤ ਦੇ ਪ੍ਰਸਿਧ ਧਰਮ ਅਸ਼ਥਾਨਾਂ ਤੋਂ ਇਲਾਵਾ ਭਾਰਤ ਦੇ ਦੱਖਣ, ਪੂਰਬ ਅਤੇ ਉਤਰ ਨਾਲ ਲਗਦੇ ਦੇਸ਼ਾਂ ਦੀਆਂ ਯਾਤਰਾ ਭੀ ਕਰ ਚੁਕੇ ਹੋਏ ਸਨ ।

ਸਤਿਗੁਰੂ ਜੀ ਦੇ ਬਗਦਾਦ ਜਾਣ ਦਾ ਜ਼ਿਕਰ ਭਾਈ ਗੁਰਦਾਸ ਜੀ ਇਉਂ ਕਰਦੇ ਹਨ :

**ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ ।**
**ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।**

ਪੁਰਾਤਨ ਜਨਮ ਸਾਖੀ ਅਨੁਸਾਰ ਸਤਿਗੁਰ ਜੀ ਦਾ ਮੁਸਲਮਾਨ ਫਕੀਰਾਂ ਵਾਲਾ ਅਜੀਬ ਜੇਹਾ ਦਰਸ਼ਨ ਸੀ। ਆਪ ਨੇ ਸ਼ਹਿਰ ਤੋਂ ਬਾਹਰ ਇਕ ਵਿਸ਼ਾਲ ਕਬਰਸਤਾਨ ਵਿਚਾਲੇ ਸੁਥਰੀ ਜੇਹੀ ਥਾਂ ਵੇਖ ਕੇ ਟਿਕਾਣਾ ਕੀਤਾ । ਇਸ ਖਾਮੋਸ਼ਾਂ ਦੇ ਸ਼ਹਿਰ ਅੰਦਰ ਅਤਿ ਦੀ ਖਾਮੋਸ਼ੀ ਸਹਿਵਨ ਗੱਲ ਸੀ । ਮੌਤ ਦਾ ਭੈ ਵੈਸੇ ਈ ਮਨੁੱਖ ਦਾ ਸਾਹ ਖਿੱਚ ਲੈਂਦਾ ਹੈ ਅਤੇ ਜਿਥੇ ਹਰ ਵੰਨੇ ਦੂਰ ਤਕ ਦਫਨ ਹੋਏ ਮਨੁੱਖਾਂ ਦੀਆਂ ਅਨਗਿਣਤ ਗੋਰਾਂ ਹੀ ਗੋਰਾਂ ਵਿਖਾਈ ਦੇਂਦੀਆਂ ਹੋਣ ਉਥੇ ਕਿਸੇ ਜਿਊਂਦੇ ਦਾ ਬਿਰਕਨਾ ਕਿਵੇਂ ਸੰਭਵ ਹੋ ਸਕਦਾ ਹੈ । ਹੁਣ ਸ਼ਾਮਾਂ ਹੋ ਗਈ, ਹੌਲੀ ਹੌਲੀ ਰਾਤ ਦਾ ਹਨ੍ਹੇਰਾ ਛਾਉਂਦਾ ਗਿਆ ਅਤੇ ਦੂਰ ਦੁਰਾਡੇ ਰਾਹਾਂ ਤੋਂ ਗੁਜਰਦੇ ਰਾਹੀਆਂ ਪਾਂਧੀਆ ਦਾ ਆਉਣਾ ਜਾਣਾ ਭੀ ਬੰਦ ਹੋ ਗਿਆ, ਜਿਸ ਨੇ ਕਬਰਸਤਾਨ ਦੀ ਚੁੱਪ ਵਿਚ ਆਖਰਾਂ ਦਾ ਵਾਧਾ ਕੀਤਾ । ਬਗਦਾਦ ਸ਼ਹਿਰ ਦੇ ਅੰਦਰ ਦੀ ਹਾ ਹਾ ਹੂ ਹੂ ਭੀ ਹੁਣ ਪੂਰੀ ਤਰ੍ਹਾਂ ਬੰਦ ਹੋ ਚੁਕੀ ਸੀ । ਕਿਧਰੇ ਕਿਧਰੇ ਪਹਿਰ, ਅੱਧ ਪਹਿਰ ਪਿਛੋਂ ਸਮੇਂ ਨੂੰ ਮਿਨਣ ਵਾਲੇ ਘੜਿਆਲ ਦੀ ਟਨਕਾਰ ਦੂਰ ਤੋਂ ਸੁਣਾਈ ਦੇਂਦੀ ਸੀ । ਡਲ੍ਹਕਦੇ ਨਿੰਮ੍ਹਦੇ ਤੇ ਚਮਕਦੇ ਤਾਰਿਆਂ ਭਰਿਆ ਅਸਮਾਨ ਬਾਬੇ ਨਾਨਕ ਨੂੰ ਸਿਰਜਣਹਾਰ ਨਿਰੰਕਾਰ ਦੀ ਅਥਾਹ ਤੇ ਅਨੰਤ ਰਚਨਾ ਦੇ ਅਦਭੁਤ ਦ੍ਰਿਸ਼ ਵਿਖਾ ਰਿਹਾ ਸੀ ਅਤੇ ਬਾਬੇ ਦੀ ਸੁਰਤ ਇਸ ਦਿਸਦੇ ਤੇ ਅਣਦਿਸਦੇ ਖੰਡਾਂ ਬ੍ਰਹਿਮੰਡਾਂ ਦੇ ਅਗੰਮੀ ਦਰਸ਼ਨਾਂ ਅੰਦਰ ਜੁੜੀ ਆਪ ਤੋਂ ਆਪ ਕਹਿ ਰਹੀ ਸੀ :

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**
**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**
**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**
**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

(ਪੰਨਾ-੭)

ਘੜਿਆਲੀਏ ਨੇ ਤ੍ਰੈ ਪਹਿਰਾ ਵਜਾਇਆ, ਸੁਬਹ ਸਵੇਰੇ ਫਜ਼ਰ ਦੀ ਨਿਮਾਜ ਦਾ ਵਕਤ ਨੇੜੇ ਪੁਜ ਰਿਹਾ ਸੀ । ਬਾਬੇ ਨੇ ਮਰਦਾਨੇ ਨੂੰ ਟੁੰਬਿਆ । ਮਰਦਾਨੇ ਨੇ ਰਬਾਬ ਸੁਰ ਕੀਤੀ ਅਤੇ ਡਾਢੀ ਮਧੁਰ ਸੁਰ ਅੰਦਰ ਇਸ ਨੂੰ ਤੁਣ ਤੁਣਾਇਆ । ਉਸ ਚੌਥੇ ਪਹਿਰ ਦੀ ਰਸ ਭਿੰਨੀ ਇਕਾਂਤ ਅੰਦਰ ਰਬਾਬ ਦਾ ਵਜਣਾ ਇਉਂ ਸੀ ਮਾਨੋ ਉਸ ਸਰਬ ਦੀ ਸੰਭਾਲਨਾ ਕਰਣ ਵਾਲੇ ਤੇ ਪਾਲਣਹਾਰ ਪ੍ਰਭੂ ਦੇ ਦਰ ਤੋਂ ਇਲਾਹੀ ਧੁਨਾਂ ਦਾ ਧੁਣਕਾਰ ਉੱਠ ਰਿਹਾ ਹੈ :

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**
**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

(ਪੰਨਾ-੬)

ਹੁਣ ਕਰਤਾਰ ਦੀ ਵਿਸਮਾਦੀ ਰਚਨਾ ਦੇ ਅਡੁੰਬੇ ਅੰਦਰ ਮਖਮੂਰ ਬਾਬਾ ਨਾਨਕ ਦੇ ਹਿਰਦੇ ਤੋਂ ਸੰਗੀਤਕ ਅਲਾਪ ਹੋਇਆ ਅਤੇ ਆਪ ਨੇ ਵੱਡੇ ਅਦਭੁਤੀ ਸਰੂਰ ਅੰਦਰ ਗਾਇਆ:

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

ਪ੍ਰਾਤਹਕਾਲ ਦੇ ਉਸ ਟਿਕਾਉ ਅੰਦਰ ਮਰਦਾਨੇ ਦੀ ਰਬਾਬ ਦੀ ਸਰੋਦ ਅਤੇ ਬਾਬੇ ਦਾ ਰਸ ਭਿੰਨਾ ਅਲਾਪ ਦੂਰ ਦੂਰ ਤਾਈਂ ਸੁਣਿਆ ਗਿਆ । ਬਗਦਾਦ ਦੇ ਸ਼ਰਈ ਅਤੇ ਖੁਦਾ ਪ੍ਰਸਤ ਲੋਕਾਂ, ਜੋ ਉਸ ਸਮੇਂ ਆਪਣੀ ਫਜ਼ਰ ਦੀ ਨਿਮਾਜ਼ ਦੀ ਤਿਆਰੀ ਵਿਚ ਸਨ, ਘਰ ਘਰ ਇਹ ਸੰਗੀਤ ਸੁਣਿਆ । ਵੱਡੇ ਪੀਰ ਦਸਤਗੀਰ ਦੇ ਕੰਨੀਂ ਭੀ ਇਹ ਸਰੋਦ ਪੁੱਜੀ । ਮੁਸਲਮਾਨਾਂ ਦੇ ਗੜ੍ਹ ਬਗਦਾਦ ਅੰਦਰ ਸੁਬਹ ਦੀ ਨਿਮਾਜ਼ ਸਮੇਂ ਰਾਗ ਦਾ ਹੋਣਾ ਆਪਣੇ ਆਪ ਵਿਚ ਹੀ ਇਕ ਵਡੀ ਮਕਰੂਹ ਗੱਲ ਸੀ ਕਿਉਂਕਿ ਮੁਸਲਮਾਨੀ ਮੱਤ ਅੰਦਰ ਗਾਉਣਾ ਵਜਾਉਣਾ ਵੈਸੇ ਹੀ ਵਰਜਿਤ ਹੈ, ਅਤੇ ਸਵੇਰ ਸਾਰ ਦੀ ਨਿਮਾਜ਼ ਸਮੇਂ ਅਜੇਹਾ ਹੋਣਾ ਤਾਂ ਇਕ ਬੱਜਰ ਗੁਨਾਹ ਸੀ । ਫਿਰ ਜਦੋਂ ਬਾਬੇ ਨਾਨਕ ਨੇ ਵਾਰ ਵਾਰ ਦੁਹਰਾ ਕੇ ਗਾਵਿਆ :

**'ਪਾਤਾਲਾ ਪਾਤਾਲ ਲਖ' 'ਪਾਤਾਲਾ ਪਾਤਾਲ ਲਖ'**
**'ਲਖ ਆਗਾਸਾ ਅਗਾਸ' 'ਲਖ ਆਗਾਸਾ ਆਗਾਸ'**

ਤਾਂ ਹਜ਼ਰਤ ਮੁਹੰਮਦ ਉਪਰ ਵਿਸ਼ਵਾਸ ਰੱਖਣ ਵਾਲੇ ਮੋਮਨਾਂ ਲਈ ਇਹ ਸੁਨਣਾ ਕਿ ਲੱਖਾਂ ਪਾਤਾਲ ਔਰ ਲੱਖਾਂ ਆਕਾਸ਼ ਹਨ, ਇਕ ਮਹਾਨ ਕੁਫ਼ਰ ਸੀ, ਕਿਉਂਕਿ ਉਨ੍ਹਾਂ ਦੇ ਪੈਗੰਬਰ ਸਾਹਿਬ ਕੇਵਲ ਚੌਦਾਂ ਤਬਕ ਅਥਵਾ



www.AKJ.Org

ਸੱਤ ਆਕਾਸ਼ ਤੇ ਸੱਤ ਪਾਤਾਲ ਹੀ ਨਿਸਚੇ ਕਰਦੇ ਹਨ, ਤਾਂ ਲੱਖਾਂ ਆਕਾਸ਼ ਪਾਤਾਲ ਕਹਿਣਾ ਹਜ਼ਰਤ ਸਾਹਿਬ ਦੀ ਵਡੀ ਤੌਹੀਨ ਦੀ ਪ੍ਰਤੀਕ ਸੀ ।

ਇਤਨੇ ਚਿਰ ਤਕ ਸੁਬਹ ਦੀ ਅਜ਼ਾਨ (ਬਾਂਗ) ਦਾ ਸਮਾਂ ਹੋ ਗਿਆ ਸੀ, ਬਾਬੇ ਨਾਨਕ ਨੇ ਭੀ ਸਮਾਂ ਸੰਭਾਲਦੇ ਹੋਏ ਉੱਚੀ ਆਵਾਜ਼ ਬਾਂਗ ਦਿਤੀ । 'ਲਾਇ ਲਾਹ ਇਲਲਿਲਾਹ, ਅਲਹ ਹੂ ਅਕਬਰ, ਗੁਰਬਰ ਅਕਾਲ, ਚਿਤ ਚਰਨ ਨਾਲ, ਘਰ ਘਰ ਪ੍ਰਣਾਮ, ਪ੍ਰਭੂ ਕ੍ਰਿਪਾਲ ਸੁ ਸਰਬ ਜੀਵਾਲ' । ਮੋਮਨਾਂ ਦੇ ਦਿਲ, ਜੋ ਮਕਰੂਹ ਸੰਗੀਤ ਅਤੇ ਲੱਖਾਂ ਪਾਤਾਲ ਤੇ ਅਕਾਸ ਦੇ ਨਾਹਰੇ ਤੋਂ ਪਹਿਲੋਂ ਹੀ ਤਰਲੋ-ਮੱਛੀ ਹੋ ਰਹੇ ਸਨ, ਇਸ ਨਵੀਂ ਕਿਸਮ ਦੀ ਬਾਂਗ ਨਾਲ ਹੋਰ ਕਲਪੇ । ਇਸ ਬਾਂਗ ਨੇ, ਜਿਸ ਵਿਚ ਉਨ੍ਹਾਂ ਦੇ ਰਸੂਲ 'ਮੁਹੰਮਦ ਰਸੂਲਿਲਾਹ' ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ, ਉਨਾਂ ਦੇ ਅੰਦਰ ਮਚ ਰਹੀ ਕਰੋਧ ਦੀ ਅੱਗ ਉਪਰ ਤੇਲ ਦਾ ਕੰਮ ਕੀਤਾ । ਉਹ ਪੀਰ ਦਸਤਗੀਰ ਦੇ ਅਸਥਾਨ ਤੇ ਇੱਕਠੇ ਹੋਏ ਤੇ ਪੀਰ ਜੀ ਤਾਈਂ ਕਿਹਾ ਕਿ 'ਇਸ ਪਾਕ ਪਵਿੱਤਰ ਖੁਦਾਈ ਧਰਤੀ ਪਰ ਸੁਬਹ ਸਵੇਰੇ ਕੋਈ ਕਾਫਰ ਕਿੰਨੀ ਦਲੇਰੀ ਨਾਲ ਸਰੋਦ ਕਰ ਰਿਹਾ ਤੇ ਕੁਫਰ ਬੋਲ ਰਿਹਾ ਹੈ ਔਰ ਬਾਂਗ ਭੀ ਹੈਰਾਨ ਕੁਨ ਦਿੱਤੀ ਸੂ, ਜਿਸ ਵਿਚੋਂ ਰਸੂਲ ਅਲੈਹ ਸਲਾਮ ਦਾ ਨਾਮ ਹੀ ਹਜ਼ਫ ਹੈ । ਐਸੇ ਕਾਫਰ ਨੂੰ ਇਬਰਤ ਨਾਕ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਆਪ ਫੁਰਮਾਓ ਕਿ ਐਸੇ ਕੁਫਰ ਬੋਲਣ ਵਾਲੇ ਲਈ ਸ਼ਰਹ ਕੀ ਹੁਕਮ ਦਿੰਦੀ ਹੈ' । ਭਾਵੇਂ ਪੀਰ ਸਾਹਿਬ ਆਪੂੰ ਭੀ ਬਾਬੇ ਨਾਨਕ ਦੇ ਅਜੇਹੇ ਬੋਲਾਂ ਤੇ ਬੜੇ ਸ਼ੰਕਾ ਵਾਦੀ ਸਨ, ਅਤੇ ਚਾਹੁੰਦੇ ਸਨ ਕਿ ਐਸਾ ਬੋਲਣ ਵਾਲੇ ਬਾਰੇ ਮੁਨਾਸਬ ਪੁੱਛ ਪਰਤੀਤ ਕੀਤੀ ਜਾਵੇ ਪ੍ਰੰਤੂ ਉਨਾਂ ਪਾਸ ਇਕੱਠੇ ਹੋ ਚੁੱਕੇ ਅਨੇਕਾਂ ਮੋਮਨਾਂ ਦੇ ਗੁੱਸੇ ਅਤੇ ਜੋਸ਼ ਦੇ ਸਾਹਮਣੇ ਉਹ ਵਧੇਰੇ ਪੁੱਛ ਪੜਤਾਲ ਵਾਲੀ ਗੱਲ ਨ ਕਰ ਸਕੇ ਅਤੇ ਬਾ ਹੈਸੀਅਤ ਉਨ੍ਹਾਂ ਦੇ ਪੀਰ ਹੋਣ ਦੇ ਇਹ ਫਤਵਾ ਦਿਤਾ ਕਿ ਐਸੇ ਆਦਮੀ ਨੂੰ 'ਸੰਗ ਸਾਰ' ਕਰ ਦਿੱਤਾ ਜਾਏ ਅਥਵਾ ਪੱਥਰ ਮਾਰ ਮਾਰ ਕੇ ਜਾਨੋਂ ਮਾਰ ਦਿੱਤਾ ਜਾਏ । ਫਤਵਾ ਮਿਲਣ ਦੀ ਦੇਰ ਸੀ ਕਿ ਉੱਥੇ ਇਕੱਠਾ ਹੋਇਆ ਸਾਰਾ ਮੁਲਖਈਆ ਹੱਥਾਂ ਵਿਚ ਪੱਥਰ ਉਠਾਏ, ਕਬਰਸਤਾਨ ਵੱਲ ਜਿਥੋਂ ਸੰਗੀਤ ਦੀ ਧੁਨ ਪਹਿਲੇ ਵਾਂਗ ਹੀ ਆ ਰਹੀ ਸੀ ਨੱਸ ਪਏ । ਪੀਰ ਦਸਤਗੀਰ ਭੀ ਕਈ ਹੋਰ ਸਿਆਣੇ ਆਦਮੀਆਂ ਅਤੇ ਆਪਣੇ ਪੁੱਤਰ ਸਮੇਤ ਇਸ ਅਜਬ ਕਿਸਮ ਦੇ ਫਕੀਰ ਵਲ ਕਾਹਲੇ-ਕਾਹਲੇ ਚਲ ਪਏ ।

ਮੁਲਖਈਏ ਨੂੰ ਪੱਥਰ ਉਠਾਏ ਵਾਹੋ ਦਾਹੀ ਉਨ੍ਹਾਂ ਵੱਲ ਨੱਸੇ ਆਉਂਦੇ ਵੇਖ ਮਰਦਾਨਾ ਘਬਰਾ ਗਿਆ ਤੇ ਡਰਿਆ ਪਰ ਬਾਬੇ ਕਿਹਾ 'ਮਰਦਾਨਿਆਂ, ਡਰ ਨਾ, ਤੂੰ ਰਬਾਬ ਵਜਾ, ਤੇਰੀ ਰੱਖਿਆ ਦਾ ਫਿਕਰ ਉਸ ਨੂੰ ਹੈ ਜਿਸ ਦਾ ਤੂੰ ਜਸ ਕਰ ਰਿਹਾ ਹੈ । ਥੋੜੇ ਚਿਰ ਵਿਚ ਸਭ ਲੋਕ ਉੱਥੇ ਪੁੱਜ ਗਏ, ਜਿਥੇ ਸਤਿਗੁਰੂ ਤੇ ਮਰਦਾਨਾ ਆਪਣੇ ਪ੍ਰੀਤਮ ਦੀ ਯਾਦ ਵਿੱਚ ਜੁੜੇ ਬੈਠੇ ਸਨ । ਲੋਕਾਂ ਨੇ ਬਾਹਾਂ ਉਲਾਰੀਆਂ ਅਤੇ ਇਕ ਛਿਨ ਵਿਚ ਬੇ ਸ਼ੁਮਾਰ ਪੱਥਰਾਂ ਦਾ ਮੀਂਹ ਸਤਿਗੁਰੂ ਅਤੇ ਮਰਦਾਨੇ ਉਪਰ ਵਸ ਪੈਣਾ ਸੀ ਪਰ ਬਾਬੇ ਨਾਨਕ ਨੇ ਅੱਖਾਂ ਭਰ ਮੁਲਖਈਏ ਵੱਲ ਤੱਕਿਆ ਅਤੇ ਸਾਖੀਕਾਰਾਂ ਦਾ ਕਥਨ ਹੈ ਕਿ ਸਭ ਦੀਆਂ ਬਾਹਾਂ ਉਲਾਰੀਆਂ ਰਹਿ ਗਈਆਂ ਅਤੇ ਕੋਈ ਪੱਥਰ ਭੀ ਉਨਾਂ ਦੇ ਹੱਥਾਂ ਤੋਂ ਸਤਿਗੁਰੂ ਜੀ ਤੱਕ ਨਾ ਪੁੱਜ ਸਕਿਆ । ਇਤਨੇ ਤਕ ਪੀਰ ਦਸਤਗੀਰ ਅਤੇ ਉਸ ਦੇ ਸਾਥੀ ਭੀ ਉਥੇ ਪੁੱਜ ਗਏ ਸਨ । ਪੀਰ ਜੀ ਅੱਗੇ ਵਧੇ, ਬਾਬਾ ਜੀ ਨੇ ਪੀਰ ਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ । ਉਨ੍ਹਾਂ ਵਿਚਾਲੇ ਗੱਲਬਾਤ ਸ਼ੁਰੂ ਹੋਈ ।

ਪੀਰ : ਸਰੋਦ ਬੰਦ ਕਰੋ, ਇਹ ਨਫ਼ਸਾਨੀ ਖਾਹਸ਼ਾਂ ਜਗਾਉਂਦਾ ਹੈ । ਇਸੇ ਲਈ ਰਸੂਲਿਲਾਹ ਅਲੈਹ ਸਲਾਮ ਨੇ ਸਰੋਦ ਕਰਨਾ ਮਨ੍ਹਾਂ ਕੀਤਾ ਹੈ ।

ਸਤਿਗੁਰੂ : ਰਸੂਲ ਨੇ ਰੱਬੀ ਸਰੋਦ ਤਾਂ ਮਨ੍ਹਾਂ ਨਹੀਂ ਕੀਤਾ । ਸਰੋਦ ਪੱਥਰਾਂ ਨੂੰ ਪਿਘਲਾ ਸਕਦਾ ਅਤੇ ਜ਼ਹਿਰੀ ਨਾਗਾਂ ਨੂੰ ਕੀਲ ਦੇਂਦਾ ਹੈ, ਇਵੇਂ ਹੀ ਜਿਸ ਸਰੋਦ ਵਿੱਚ ਰੱਬੀ ਹਮਦੋਸਨਾ (ਹਰੀ ਜਸ) ਭਰੀ ਹੈ, ਉਹ ਮਨੁੱਖ ਦੀ ਰੂਹ ਨੂੰ ਕੀਲ ਕੇ ਅਲਹ ਤਾਲਾ ਨਾਲ ਇਕ ਸੁਰ ਕਰ ਦੇਂਦਾ ਹੈ ।

ਰੱਬੀ ਸਰੋਦ ਬਾਰੇ ਬਾਬਾ ਨਾਨਕ ਦੇ ਬਚਨਾਂ ਨੇ ਪੀਰ ਦਸਤਗੀਰ ਨੂੰ ਨਿਰੁੱਤਰ ਕਰ ਦਿਤਾ ਤਾਂ ਪੀਰ ਨੇ ਅਗਲੀ ਗੱਲ ਛੇੜੀ ਤੇ ਕਿਹਾ :

'ਮਸਤਾਨੇ ਫਕੀਰ, ਹਜ਼ਰਤ ਅਲੈਹ ਸਲਾਮ ਨੇ ਚੌਦਾਂ ਤਬਕਾਂ ਦਾ ਹੋਣਾ ਫਰਮਾਇਆ ਹੈ, ਸੱਤ ਆਕਾਸ ਅਤੇ ਸੱਤ ਪਾਤਾਲ, ਪਰ ਤੂੰ ਕਹਿੰਦਾ ਹੈਂ ਲੱਖਾਂ ਆਕਾਸ ਤੇ ਲੱਖਾਂ ਪਾਤਾਲ ਹਨ। ਇਹ ਕਿਸ ਤਰਾਂ ਸੱਚ ਮੰਨਿਆ ਜਾ ਸਕਦਾ ਹੈ ? ਇਹ ਸਹੀ ਕਰ, ਵਰਨਾਂ ਤੂੰ ਰਸੂਲਿਲਾਹ ਦੀ ਕਲਾਮ ਦੇ ਖਿਲਾਫ ਗੁਨਾਹ ਅਜ਼ੀਮ ਕਰਨ ਦਾ ਦੋਸ਼ੀ ਅਤੇ ਸਜ਼ਾ ਦਾ ਭਾਗੀ ਹੋਵੇਂਗਾ ।

ਸਤਿਗੁਰੂ : ਪੀਰ ਜੀ, ਤੁਸੀਂ ਮੰਨਦੇ ਹੋ ਕਿ ਅੱਲਾ ਤਾਲਾ ਅਜ਼ਲ ਅਰ ਅਬਦ ਅਥਵਾ ਸਮੇਂ ਦੀ ਵੰਡ ਤੋਂ ਬਾਹਰ ਹੈ


www.AKJ.Org

(ਉਸ ਦਾ ਨ ਆਦਿ ਹੈ, ਨ ਅੰਤ ਹੈ) ਫਿਰ ਜਦੋਂ ਤੁਸੀਂ ਖ਼ੁਦਾ ਦੀ ਰਚਨਾ ਨੂੰ ਚੌਦਾਂ ਤਬਕਾਂ ਤੇ ਸੀਮਤ ਕਰ ਦਿਤਾ ਤਾਂ ਇਹ ਅਜ਼ਲ ਤੇ ਅਬਦ ਦੀ ਹੱਦ ਯਾਨਿ ਸਮੇਂ ਦੇ ਅੰਦਰ ਅਥਵਾ ਗਿਣਤੀ ਮਿਣਤੀ ਵਿਚ ਆ ਗਈ, ਤਾਂ ਫਿਰ ਖ਼ੁਦਾ ਜੋ ਸਮੇਂ ਦੇ ਅਰੰਭ ਹੋਣ ਤੋਂ ਪਹਿਲੋਂ ਵੀ ਸੀ ਅਤੇ ਪਿਛੋਂ ਭੀ ਰਹੇਗਾ, ਉਸ ਸਮੇਂ ਨਵੀਂ ਰਚਨਾ ਨਹੀਂ ਕਰ ਸਕਦਾ ?

ਅਗਰ ਵਕਤ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਇਸ ਦੇ ਖਤਮ ਹੋਣ ਤੋਂ ਬਾਦ ਖ਼ੁਦਾ ਦੀ ਹਸਤੀ ਦਾ ਕਾਇਮ ਰਹਿਣਾ ਠੀਕ ਹੈ ਤਾਂ ਉਸ ਹਾਲਤ ਵਿਚ ਉਸਨੇ ਜੋ ਸਿਰਜਨਾ ਕੀਤੀ ਜਾਂ ਅਗੋਂ ਕਰੇਗਾ, ਕੀ ਉਹ ਤੁਹਾਡੇ ਚੌਦਾਂ ਤਬਕਾਂ ਤੋਂ ਬਾਹਰ ਹੋਵੇਗੀ ਜਾਂ ਅੰਦਰ ? ਪਤਾ ਨਹੀਂ ਕਿ ਉਦੋਂ ਉਸ ਨੇ ਕਿੰਨੀਆਂ ਕੁ ਰਚਨਾ ਕੀਤੀਆਂ ਅਤੇ ਸਮੇਂ ਦੇ ਅੰਤ ਹੋ ਜਾਣ ਪਿੱਛੋਂ ਕਿਤਨੀਆਂ ਹੋਰ ਹੋਣਗੀਆਂ, ਤਾਂ ਆਕਾਸ਼ ਤੇ ਪਾਤਾਲ ਕੇਵਲ ਸੱਤ ਸੱਤ ਹੀ ਹੋਏ ਜਾਂ ਅਨੇਕਾਂ ਹੋਏ ਜਿਨ੍ਹਾਂ ਦਾ ਕੋਈ ਹਿਸਾਬ ਹੀ ਨਹੀਂ ? ਪੀਰ ਜੀ, ਜੋ ਖ਼ੁਦਾ ਦਾ ਕੀਤਾ ਹੋਇਆ ਹੈ, ਉਹ ਖ਼ੁਦਾ ਦੀ ਖ਼ੁਦਾਈ ਨੂੰ ਕਿਵੇਂ ਜਾਣ ਸਕਦਾ ਹੈ ? ਅਨੇਕਾਂ ਨਦੀਆਂ ਨਾਲੇ ਸਮੁੰਦਰ ਅੰਦਰ ਗਿਰਦੇ ਹਨ ਪਰ ਕੀ ਕੋਈ ਨਦੀ ਇਹ ਦਸ ਸਕਦੀ ਹੈ ਕਿ ਸਮੁੰਦਰ ਕਿਡਾ ਵੱਡਾ ਹੈ ? ਇਉਂ ਹੀ ਖ਼ੁਦਾਈ ਰਚਨਾ ਨੂੰ ਪੂਰੇ ਤੌਰ ਜਾਣ ਲੈਣਾ ਅਣਹੋਣੀ ਗੱਲ ਹੈ ।

ਹੁਣ ਪੀਰ ਦਸਤਗੀਰ ਦੇ ਲੜਕੇ ਨੇ ਜਿਸ ਅੰਦਰ ਜਵਾਨੀ ਦਾ ਖ਼ੂਨ ਆਪਣੇ ਬਾਪ ਨਾਲੋਂ ਵਧੇਰੇ ਗਰਮ ਸੀ ਅਤੇ ਜਿਸ ਦੀ ਅਧਿਆਤਮਕ ਸੂਝ ਭੀ ਸ਼ਾਇਦ ਹੋਰਨਾਂ ਨਾਲੋਂ ਤ੍ਰਿਖੇਰੀ ਸੀ, ਅੱਗੇ ਵਧ ਕੇ ਕਿਹਾ 'ਫਕੀਰ ਸਾਈਂ' 'ਗੁਫਤਨ ਕੈ ਬਵੱਦ ਮਾਨਿੰਦਿ ਦੀਦਨ' (ਕਹਿਣ ਅਤੇ ਦੇਖਣ ਵਿਚਾਲੇ ਬਹੁਤ ਫਰਕ ਹੁੰਦਾ ਹੈ) ਜੇ ਤੁਸੀਂ ਕਹਿੰਦੇ ਹੋ ਕਿ ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਹਨ ਤਾਂ ਮੈਨੂੰ ਦਿਖਾਓ, ਦੇਖੇ ਬਗੈਰ ਰੂਹ ਦੀ ਤਸਕੀਨ ਨਹੀਂ ਹੁੰਦੀ । ਇਹ ਸੁਣ ਪਲ ਭਰ ਬਾਬਾ ਅੱਖਾਂ ਮੀਟ ਅੰਤਰ ਧਿਆਨ ਹੋਇਆ, ਜਾਂ ਅੱਖਾਂ ਖੋਲੀਓਂ ਸੂ ਤਾਂ ਇਨ੍ਹਾਂ ਅੰਦਰ ਪਹਿਲੇ ਨਾਲੋਂ ਕਈ ਗੁਣਾਂ ਵੱਧ ਜਲਾਲ ਸੀ । ਆਪ ਨੇ ਇਕ ਵੱਡੀ ਭਾਵ ਪੂਰਤ ਦ੍ਰਿਸ਼ਟ ਪੀਰ ਦੇ ਲੜਕੇ ਪਰ ਪਾਈ, ਉਸ ਦੀ ਸੁਰਤੀ ਦੇ ਕਿਵਾੜ ਖੁੱਲ੍ਹੇ, (ਬਿਨਸਿਓ ਅੰਧਕਾਰ ਤਿਹ ਮੰਦਰਿ) ਅੰਦਰ ਇਕ ਅਸਚਰਜ ਉਜਾਲਾ ਪ੍ਰਤੀਤ ਹੋਇਆ ਜਿਸ ਵਿਚ ਸਿਨਮਾ ਦੀਆਂ ਬਦਲਦੀਆਂ ਅਨੇਕ ਤਸਵੀਰਾਂ ਵਾਂਗ ਉਸ ਦੀ ਸੁਰਤ ਬੇ ਇੰਤਹਾ ਖੰਡ ਮੰਡਲ, ਬ੍ਰਹਿਮੰਡਾਂ ਅਤੇ ਅਨੇਕਾਂ ਆਕਾਸ਼ਾਂ ਤੇ ਪਾਤਾਲਾਂ ਉਪਰ ਟਿਕਦੀ ਗਈ ਬਲਕਿ ਉਸ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਕਿ ਉਹ ਇਨ੍ਹਾਂ ਵਿਚ ਆਪ ਵਿਚਰ ਰਿਹਾ ਹੁੰਦਾ ਹੈ ਅਤੇ ਉਨ੍ਹਾਂ ਬ੍ਰਹਿਮੰਡਾਂ ਦੇ ਵਾਸੀਆਂ ਸੰਗ ਬੈਠਾ ਕਈ ਰਸਦਾਇਕ ਪਦਾਰਥਾਂ ਦਾ ਅਨੰਦ ਮਾਣ ਰਿਹਾ ਹੈ । ਇਸ ਦਸ਼ਾ ਦਾ ਅੱਖਰੀ ਵਰਨਣ ਮਨੁੱਖੀ ਸੂਝ ਤੋਂ ਬਾਹਰ ਹੈ, ਪਰ ਭਾਈ ਗੁਰਦਾਸ ਜੀ ਜਿਨ੍ਹਾਂ ਨੂੰ ਸਤਿਗੁਰ ਜੀ ਦੀ ਪਾਵਨ ਛੋਹ ਪ੍ਰਾਪਤ ਸੀ ਇਸ ਦਾ ਸੰਖੇਪ ਜੈਸਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ :

**ਨਾਲਿ ਲੀਤਾ ਬੇਟਾ ਪੀਰ ਦਾ,**
**ਅਖੀਂ ਮੀਟ ਗਇਆ ਹਵਾਈ ।**
**ਲਖ ਆਕਾਸ ਪਤਾਲ ਲਖ,**
**ਅਖਿ ਫੁਰਕ ਵਿਚਿ ਸਭਿ ਦਿਖਲਾਈ ।**
**ਭਰ ਕਚਕੌਲ ਪ੍ਰਸਾਦ ਦਾ, ਧੁਰੋਂ ਪਤਾਲੋਂ ਲਈ**
**ਕੜਾਹੀ । (ਵਾਰ ੧/੩੬)**

ਆਮ ਤੌਰ ਜਦੋਂ ਅਸੀ ਅੰਤਰ ਧਿਆਨ ਹੁੰਦੇ ਹਾਂ ਅਥਵਾ ਆਪਣੀ ਸੁਰਤ ਨੂੰ ਅੰਦਰ ਵੱਲ ਨੂੰ ਮੋੜਦੇ ਹਾਂ ਤਾ ਸਾਡੀਆਂ ਅੱਖਾਂ ਸਹਿਜ ਸੁਭਾ ਮਿਚ ਜਾਂਦੀਆਂ ਹਨ ਅਤੇ ਅੰਤਰ ਆਤਮੇ ਸਾਡਾ ਤਸੱਵਰ (Imagination) ਕਈ ਚਿੱਤਰ ਚਿਤਰ ਲੈਂਦਾ ਹੈ । ਸਾਡੇ ਅੰਦਰ ਕੁਝ ਅਨੁਭਵੀ ਸੂਝ ਜਾਗਦੀ ਅਤੇ ਕਈ ਐਸੇ ਖਿਆਲ ਉਪਜਦੇ ਹਨ ਜੋ ਪਹਿਲੋਂ ਕਦੀ ਨ ਆਏ ਹੋਣ ਪਰ ਆਮ ਤੌਰ ਇਨ੍ਹਾਂ ਲਈ ਮੁਢਲਾ ਸੁਝਾਓ ਬਾਹਰ ਤੋਂ ਹੀ ਮਿਲਿਆ ਹੁੰਦਾ ਹੈ । ਸਤਿਗੁਰੂ ਨਾਨਕ ਦੇਵ ਜੀ ਦੀ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਸਬੰਧੀ ਬਿਬੇਕ ਵਿਚਾਰ ਅਤੇ ਫਿਰ ਪੀਰ ਦੇ ਬੇਟੇ ਉਪਰ ਪਾਈ ਅਮਿਉ ਦ੍ਰਿਸ਼ਟ, ਖਾਲੀ ਜਾਣ ਵਾਲੀਆਂ ਗੱਲਾਂ ਨਹੀਂ ਸਨ । ਇਨ੍ਹਾਂ ਦੇ ਪ੍ਰਭਾਵ ਨੇ ਉਸ ਦੀ ਸੁਰਤ ਨੂੰ ਉਥੇ ਟਿਕਾ ਦਿਤਾ ਜਿਥੋਂ ਇਸ ਨੂੰ ਲੱਖਾਂ ਪਾਤਾਲਾਂ ਤੇ ਆਕਾਸ਼ਾਂ ਦਾ ਦ੍ਰਿਸ਼ ਅੰਤਰ ਆਤਮੇ ਨਜ਼ਰੀਂ ਪਿਆ । ਭਾਈ ਗੁਰਦਾਸ ਜੀ ਦਾ 'ਅਖੀਂ ਮੀਟ ਗਇਆ ਹਵਾਈ' ਕੁਝ ਅਜੇਹਾ ਸੰਕੇਤ ਹੀ ਦੇਂਦਾ ਹੈ ਕਿ ਜਦ ਉਸ ਨੇ ਅੱਖਾਂ ਮੀਟੀਆਂ ਤੇ ਅੰਤਰ ਧਿਆਨ ਹੋਇਆ ਤਾਂ ਉਸ ਦੀ ਸੁਰਤ ਨੇ ਖਲਾਅ (Space) ਅੰਦਰ ਅਥਾਹ ਪਸਾਰਾ ਵੇਖਿਆ । ਫਿਰ ਭਾਈ ਸਾਹਿਬ ਕਹਿੰਦੇ ਹਨ ਕਿ 'ਅਖ ਫੁਰਕ ਵਿਚਿ ਸਭ ਦਿਖਲਾਈ' ਅਰਥਾਤ ਅੱਖ ਝਮਕਣ ਜਿੰਨੇ ਚਿਰ ਵਿਚ ਉਸ ਨੂੰ ਸਭ ਕੁਝ ਦ੍ਰਿਸ਼ਟੀ ਪੈ ਗਿਆ । ਸਤਿਗੁਰੂ ਜੀ ਅਜੇਹੀ ਅਮਿਓ ਦ੍ਰਿਸ਼ਟ ਰਖਦੇ ਸਨ ਜੋ ਪਲ ਭਰ ਅੰਦਰ ਮਨੁੱਖ ਦੀ ਅਗਿਆਨਤਾ ਦੂਰ



www.AKJ.Org

ਕਰਕੇ ਗਿਆਨ ਦਾ ਪ੍ਰਕਾਸ਼ ਕਰ ਦੇਵੇ । ਭਾਈ ਸਾਹਿਬ ਦੇ ਕਥਨ ਵਿਚ 'ਭਰ ਕਚਕੌਲ ਪ੍ਰਸਾਦ ਦਾ' ਵਾਲੀ ਤੁਕ ਦੀ ਵਿਆਖਿਆ ਜ਼ਰਾ ਮੁਸ਼ਕਲ ਅਤੇ ਕਰਾਮਾਤ ਵਾਲਾ ਸੰਕੇਤ ਦੇਂਦੀ ਪ੍ਰਤੀਤ ਹੁੰਦੀ ਹੈ ਪਰੰਤੂ 'ਪ੍ਰਸਾਦ' ਦੇ ਅਰਥ ਪ੍ਰਸੰਨਤਾ, ਖੁਸ਼ੀ, ਮਿਹਰ ਤੇ ਕ੍ਰਿਪਾ ਦੇ ਭੀ ਹਨ ਅਰਥਾਤ ਸਤਿਗੁਰੂ ਜੀ ਦੀ ਮਿਹਰ ਭਰੀ ਦ੍ਰਿਸ਼ਟੀ ਨੇ ਪੀਰ ਦੇ ਬੇਟੇ ਦੀ ਖੁਸ਼ੀ ਦਾ ਪਿਆਲਾ ਲਬਾ ਲਬ ਭਰ ਦਿਤਾ ਅਤੇ ਇਹ ਪ੍ਰਸਾਦ ਧੁਰ ਦਰਗਾਹ ਤੋਂ ਉਸ ਉੱਪਰ ਬਖਸ਼ਸ਼ ਹੋਇਆ।

ਪਰ ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਤੁਕਾਂ ਦੇ ਭਾਵੇਂ ਅੱਖਰੀ ਅਰਥ ਕੀਤੇ ਜਾਣ ਜਾਂ ਇਨ੍ਹਾਂ ਨੂੰ ਅਲੰਕਾਰ ਦੇ ਤੌਰ ਵਿਆਖਿਆ ਜਾਵੇ, ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਪੀਰ ਦਸਤਗੀਰ ਅਤੇ ਉਸ ਦੇ ਹੋਰ ਵਿਦਵਾਨ ਸਾਥੀਆਂ ਦੀ ਇਸ ਵਿਸ਼ੇ ਤੇ ਪੂਰੇ ਤੌਰ ਨਿਸ਼ਾ ਕਰਾ ਦਿਤੀ ਕਿ ਕਰਤਾ ਪੁਰਖ ਦੀ ਰਚਨਾ ਨੂੰ ਕਿਸੇ ਹੱਦ ਬੰਦੀ ਅੰਦਰ ਸੀਮਤ ਨਹੀਂ ਕੀਤਾ ਜਾ ਸਕਦਾ । ਇਹ ਸਿਰਜਣਹਾਰ ਹੀ ਜਾਣਦਾ ਹੈ ਕਿ ਉਸ ਨੇ ਕਿਤਨੀ ਵੱਡੀ ਰਚਨਾ ਰਚੀ ਹੈ ਅਤੇ ਕਿੰਨੀ ਹੋਰ ਰਚ ਲੈਣ ਦੇ ਸਮਰੱਥ ਹੈ। ਕਿਸੇ ਮਨੁੱਖ ਲਈ ਭਾਵੇਂ ਉਹ ਕੋਈ ਪੈਗੰਬਰ, ਅਵਤਾਰ ਜਾਂ ਰੱਬ ਦਾ ਪੁੱਤਰ ਹੈ ਜਾਂ ਵਰਤਮਾਨ ਕਾਲ ਦਾ ਵਿਗਿਆਨਕ ਖੋਜੀ ਵੀ ਹੈ, ਕਰਤਾ ਪੁਰਖ ਦਾ ਜਾਂ ਉਸ ਦੀ ਰਚਨਾ ਦਾ ਮੁੱਢ ਪਾਂਦ ਦੱਸਣਾ ਅਤੇ ਉਸ ਦੇ ਕਾਰਨਿਆਂ ਦੀ ਹੱਦ ਨਿਸਚਤ ਕਰਨੀ ਅਸੰਭਵ ਗਲ ਹੈ, 'ਕਰਤੇ ਕੈ ਕਰਣੈ ਨਾਹੀ ਸੁਮਾਰੁ' । ਸਤਿਗੁਰੂ ਨਾਨਕ ਦੇਵ ਜੀ ਇਸ ਵਿਸ਼ੇ ਤੇ ਕਹਿੰਦੇ ਹਨ :

**'ਕਿਵ ਕਰਿ ਆਖਾ ਕਿਵ ਸਾਲਾਹੀ**
**ਕਿਉ ਵਰਨੀ ਕਿਵ ਜਾਣਾ ।।** (ਪੰਨਾ–੪)

ਅੱਜ ਵੀ ਵਿਗਿਆਨਕ ਖੋਜ ਬੇਓੜਕ ਯਤਨ ਕਰਨ ਦੇ ਬਾਵਜੂਦ ਭੀ ਕੇਵਲ ਢਾਈ ਲੱਖ ਦੀ ਦੂਰੀ ਵਾਲੇ ਚੰਦ ਬਾਰੇ ਹੀ ਰੀਨ ਭਰ ਕੁਝ ਜਾਣ ਸਕੀ ਹੈ ਤੇ ਕਰੋੜਾਂ ਕਰੋੜ ਮੀਲ ਦੂਰ ਦਿਸਦੇ ਅਤੇ ਅਣ ਦਿਸਦੇ ਅਨ-ਗਿਣਤ ਤਾਰਿਆਂ ਸਤਾਰਿਆਂ ਬਾਰੇ ਅਤੇ ਇਸ ਦਿਸਦੇ ਅਕਾਸ਼ ਤੋਂ ਬਾਹਰ ਹੋਰ ਆਕਾਸ਼ਾਂ ਪਾਤਾਲਾਂ ਬਾਰੇ ਜਿਨ੍ਹਾਂ ਦਾ ਸਤਿਗੁਰੂ ਜ਼ਿਕਰ ਕਰਦੇ ਹਨ । ਕੁਝ ਕਹਿ ਸਕਣਾ ਕਿਵੇਂ ਸੰਭਵ ਹੋ ਸਕਦਾ ਹੈ ? ਫਿਰ ਅੱਜ ਦੀ ਸਾਇੰਸ ਦੀ ਖੋਜ ਨੇ ਕਈ ਗੱਲਾਂ ਵਧੇਰੇ ਨਿਸਚੇ ਨਾਲ ਕਹਿਣ ਦੀਆਂ ਸੰਭਾਵਨਾ ਪੈਦਾ ਕਰ ਦਿਤੀਆਂ ਹਨ ਪਰੰਤੂ ਅੱਜ ਤੋਂ ੫੦੦ ਸਾਲ ਪਹਿਲੋਂ ਜਦੋਂ ਵਰਤਮਾਨ ਵਿਗਿਆਨ ਜਨਮਿਆ ਭੀ ਨਹੀਂ ਸੀ, ਸਤਿਗੁਰੂ ਨਾਨਕ ਦੇਵ ਦਾ ਬਗਦਾਦ ਅੰਦਰ ਅਜੇਹਾ ਕਥਨ ਆਪ ਦੀ ਵਿਸ਼ਾਲ ਤੇ ਅਗੰਮੀ ਸੂਝ ਦਾ ਲਖਾਇਕ ਹੈ । ਇਹ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸਤਿਗੁਰੂ ਕਰਤਾ ਪੁਰਖ ਦੇ ਕਿਤਨੇ ਨੇੜੇ ਸਨ ਅਤੇ ਸੰਸਾਰ ਦੇ ਪੀਰਾਂ ਪੈਗੰਬਰਾਂ ਤੇ ਅਵਤਾਰਾਂ ਦੀ ਲੜੀ ਅੰਦਰ ਆਪ ਦਾ ਸਥਾਨ ਕਿੰਨਾ ਉੱਚਾ ਸੀ ।

ਰੱਬੀ ਸਰੋਦ ਅਤੇ ਰੱਬੀ ਰਚਨਾ ਬਾਰੇ ਸਤਿਗੁਰੂ ਜੀ ਦੇ ਬਚਨ ਪੀਰ ਦਸਤਗੀਰ ਅਤੇ ਉਸ ਦੇ ਸਾਥੀਆਂ ਦੇ ਹਿਰਦਿਆਂ ਅੰਦਰ ਧਸ ਚੁਕੇ ਸਨ ਅਤੇ ਉਨਾਂ ਦੀ ਉਸ ਮਸਤਾਨੇ ਫਕੀਰ ਪ੍ਰਤੀ ਸਤਿਕਾਰ ਵਾਲੀ ਭਾਵਨਾ ਬਣ ਚੁੱਕੀ ਸੀ ਪਰ ਉਨਾਂ ਦਾ ਮਜ਼ਹਬੀ ਜਨੂੰਨ ਹਾਲੇ ਉਸ ਦੀ ਦਿੱਤੀ ਬਾਂਗ ਲਈ ਸ਼ੰਕਾਵਾਦੀ ਸੀ, ਸੋ ਹੁਣ ਪੀਰ ਦਸਤਗੀਰ ਨੇ ਪੁਛਿਆ : ਬੰਦੇ ਖੁਦਾ, ਤੂੰ ਜੋ ਅਜ਼ਾਨ ਦਿਤੀ, ਉਸ ਵਿਚ 'ਲਾਇਲਾਹ ਇਲਲਿਲਾਹ' ਤਾਂ ਤੂੰ ਠੀਕ ਕਿਹਾ ਪਰ ਤੂੰ 'ਮੁਹੰਮਦ ਰਸੂਲਿਲਹ' ਕਿਉਂ ਹਜ਼ਫ ਕਰ ਗਿਆ (ਮੁਹੰਮਦ ਰਸੂਲ ਅਲਹ ਕਿਉਂ ਨਹੀਂ ਕਿਹਾ) ਬਾਬਾ ਬੋਲਿਆ: ਪੀਰ ਜੀ, ਤੁਸੀਂ ਖੁਦਾ ਨੂੰ ਵਾਹਿਦ ਲਾ ਸ਼ਰੀਕ ਮੰਨਦੇ ਹੋ, ਉਹ ਇਕੋ ਇਕ ਹੈ ਜਿਸ ਦਾ ਕੋਈ ਦੂਸਰਾ ਸਾਨੀ ਨਹੀਂ । ਤੁਹਾਡੇ 'ਮੁਹੰਮਦ ਰਸੂਲ ਅਲਹ' ਕਹਿਣ ਦਾ ਇਹੋ ਭਾਵ ਹੈ ਨਾ, ਕਿ ਉਸ ਵਾਹਿਦ ਲਾਸ਼ਰੀਕ ਅਲਹ ਤਕ ਰਸਾਈ (ਪਹੁੰਚਣੇ) ਦਾ ਜ਼ਰੀਆ ਕੇਵਲ ਹਜ਼ਰਤ ਮੁਹੰਮਦ ਹੀ ਹੈ ? ਤਾਂ ਫਿਰ ਮੁਹੰਮਦ ਭੀ ਵਾਹਿਦ ਲਾ ਸ਼ਰੀਕ ਹੋ ਗਿਆ । ਜੇ ਇਹ ਠੀਕ ਹੈ ਤਾਂ ਕੀ ਹਜ਼ਰਤ ਮੁਹੰਮਦ ਤੋਂ ਪਹਿਲੋਂ ਖੁਦਾ ਨੇ ਕਦੀ ਆਪਣਾ ਪੈਗਾਮ ਦੁਨੀਆਂ ਦੇ ਲੋਕਾਂ ਪ੍ਰਤੀ ਨਹੀਂ ਦਿੱਤਾ ਅਤੇ ਜਾ ਤੋਂ ਇਨਸਾਨ ਦੀ ਪੈਦਾਇਸ਼ ਹੋਈ, ਉਹ ਅਲਹ ਤਾ ਾ ਦੇ ਪੈਗਾਮ ਅਤੇ ਉਸ ਤਕ ਰਸਾਈ ਪ੍ਰਾਪਤ ਕਰਨ ਤੋਂ ਬਿਨਾਂ ਹੀ ਸੰਸਾਰ ਤੇ ਵਿਚਰਦਾ ਰਿਹਾ ? ਪਰ ਜੇ ਤੁਸੀਂ ਮੰਨਦੇ ਹੋ ਕਿ ਹਜ਼ਰਤ ਮੂਸਾ ਅਤੇ ਈਸਾ ਆਦਿ ਨੂੰ ਭੀ ਖੁਦਾ ਨੇ ਹੀ ਭੇਜਿਆ ਸੀ ਅਤੇ ਉਹ ਖੁਦਾ ਦੇ ਭੇਜੇ ਪੈਗੰਬਰ ਹੀ ਸਨ, ਤਾਂ ਕੀ ਜਿਨ੍ਹਾਂ ਲੋਕਾਂ ਨੂੰ ਉਨਾਂ ਨੇ ਖੁਦਾਈ ਪੈਗਾਮ ਦਿੱਤਾ, ਉਨਾਂ ਦੀ ਖੁਦਾ ਪਾਸ ਰਸਾਈ ਉਨਾਂ ਦੇ ਜ਼ਰੀਏ ਨਹੀਂ ਹੋਈ ? ਫਿਰ ਜੇ ਹਜ਼ਰਤ ਮੁਹੰਮਦ ਹੀ ਇਕੋ ਇਕ ਰਸੂਲ ਅਲਹ ਹੈ ਤਾਂ ਬਾਕੀ ਸਾਰੀ ਦੁਨੀਆਂ ਜੋ ਰਸੂਲ ਦੇ ਪੈਗਾਮ ਦੀ ਸੀਮਾ ਵਿਚ ਨਹੀਂ ਆਈ, ਖੁਦਾ ਦੀ ਦਰਗਾਹੇ ਕਬੂਲ ਨਹੀਂ ਪਵੇਗੀ ? ਜਾਂ ਉਹ ਕਿਸੇ ਦੂਜੇ ਖੁਦਾ ਦੀ ਮੇਹਰ ਦੀ ਆਸਵੰਦ ਰਹੇਗੀ ? ਅਤੇ ਜੇ ਇਹ ਮੰਨ ਲਿਆ ਤਾਂ ਖੁਦਾ ਵਾਹਿਦ ਲਾਸ਼ਰੀਕ ਕਿਵੇਂ ਹੋਵੇਗਾ ? ਖੁਦਾ ਦੀ


www.AKJ.Org

ਖੁਦਾਈ ਦੇ ਭਲੇ ਲਈ ਇਹ ਮੰਨਣਾ ਪਵੇਗਾ ਕਿ ਖੁਦਾ ਸਮੇਂ-ਸਮੇਂ ਜਦੋਂ ਸੰਸਾਰ ਅੰਦਰ ਗਿਲਾਨੀ ਵਰਤ ਜਾਇ ਤਾਂ ਆਪਣਾ ਸੰਦੇਸ਼ ਕਿਸੇ ਤਰੀਕੇ ਰਾਹੀਂ ਸੰਸਾਰ ਨੂੰ ਜ਼ਰੂਰ ਦੇਂਦਾ ਹੈ ਤਾਂ ਕਿ ਦੁਨੀਆਂ ਦੇ ਲੋਕਾਂ ਦਾ ਉਧਾਰ ਹੋ ਸਕੇ । ਅਜਿਹੇ ਸੰਦੇਸ਼ ਦਾ ਇਕ ਜ਼ਰੀਆ ਤਾਂ ਹਜ਼ਰਤ ਮੁਹੰਮਦ ਹੋ ਸਕਦਾ ਹੈ ਪਰ ਅਲਾਹ ਦੇ ਪੈਗਾਮ ਨੂੰ ਉਸ ਤੋਂ ਬੰਦ ਕਰ ਦੇਣਾ ਠੀਕ ਨਹੀਂ ਮੰਨਿਆ ਜਾ ਸਕਦਾ । ਤੁਹਾਡਾ ਇਹ ਵਿਸ਼ਵਾਸ ਕਿ ਹਜ਼ਰਤ ਮੁਹੰਮਦ ਤੋਂ ਬਾਦ ਹੋਰ ਰਸੂਲਿਲਾਹ ਨਹੀਂ ਹੋਵੇਗਾ ਅਲਹ ਦੀ ਸੰਸਾਰ ਤੇ ਹੋਰ ਪੈਗੰਬਰ ਭੇਜਣ ਦੀ ਸਮਰਥਾ ਤੇ ਸ਼ੱਕ ਕਰਨਾ ਹੈ ।

ਪੀਰ ਦਸਤਗੀਰ ਜਿਸ ਦਾ ਮਨ ਮਸਤਾਨੇ ਫਕੀਰ ਵਲੋਂ ਮਿਲੇ ਪਹਿਲੇ ਦੋ ਸਵਾਲਾਂ ਦੇ ਉਤਰ ਨੇ ਕਾਫੀ ਸ਼ਾਂਤ ਕਰ ਦਿਤਾ ਹੋਇਆ ਸੀ, ਇਸ ਤੀਜੇ ਉਤਰ ਤੋਂ ਭੀ ਬਹੁਤ ਪ੍ਰਭਾਵਤ ਹੋਇਆ ਭਾਵੇਂ ਓਹ ਹਜ਼ਰਤ ਮੁਹੰਮਦ ਦੇ ਰਸੂਲ ਅਲਹ ਹੋਣ ਦੇ ਸਿਦਕ ਤੋਂ ਤਾਂ ਨਹੀਂ ਡੋਲਿਆ ਸੀ, ਪਰ ਉਹ ਬਾਬਾ ਨਾਨਕ ਦੇ ਬਚਨਾਂ ਦੀ ਸਚਾਈ ਨੂੰ ਭੀ ਸਵੀਕਾਰ ਕਰਦਾ ਸੀ : ਉਸ ਨੂੰ ਮੁਹੰਮਦ ਤੋਂ ਪਹਿਲੋਂ ਆਉਣ ਵਾਲੇ ਪੈਗੰਬਰਾਂ ਦੀ ਪੈਗੰਬਰੀ ਤੋਂ ਭੀ ਇਨਕਾਰ ਨਹੀਂ ਸੀ ਹੋ ਸਕਦਾ । ਉਸ ਦਾ ਮਨ ਉਸ ਫਕੀਰ ਵਾਸਤੇ, ਜਿਸ ਨੂੰ ਸੰਗਸਾਰ ਕਰਨ ਦੇ ਫਤਵੇ ਨਾਲ ਓਹ ਸ਼ਹਿਰੋਂ ਬਾਹਰ ਆਇਆ ਸੀ, ਪੂਰੇ ਤੌਰ ਤੇ ਮੋਮ ਹੋ ਚੁਕਾ ਸੀ । ਪੀਰ ਨੇ ਯਤਨ ਕੀਤਾ ਕਿ ਓਹ ਮਸਤਾਨਾ ਫਕੀਰ ਬਗਦਾਦ ਅੰਦਰ ਚਰਨ ਪਾਏ, ਪਰ ਸਤਿਗੁਰੂ ਜੀ ਨੇ ਉਸੇ ਅਸਥਾਨ ਤੇ ਹੀ ਟਿਕੇ ਰਹਿਣਾ ਠੀਕ ਸਮਝਿਆ।

ਨਿਰਾ ਪੀਰ ਦਸਤਗੀਰ ਹੀ ਨਹੀਂ, ਸਗੋਂ ਉਹ ਬੇਸ਼ੁਮਾਰ ਲੋਕ ਜੋ ਗੁਰੂ ਨਾਨਕ ਉਪਰ ਪੱਥਰਾਂ ਦਾ ਮੀਂਹ ਵਸਾਉਣ ਅਤੇ ਉਨ੍ਹਾਂ ਨੂੰ ਸੰਗ ਸਾਰ ਕਰ ਦੇਣ ਦੇ ਇਰਾਦੇ ਨਾਲ ਘਰਾਂ ਤੋਂ ਨਿਕਲੇ ਸਨ, ਉਨ੍ਹਾਂ ਦੀ ਵਡਿਆਈ ਦੀ ਕੀਰਤੀ ਕਰਦੇ ਘਰਾਂ ਨੂੰ ਮੁੜ ਰਹੇ ਸਨ ਅਤੇ ਆਪੋ ਵਿਚ ਕਹੀ ਜਾ ਰਹੇ ਸਨ : ਕਿਤਨਾ ਬੇਖੌਫ ਤੇ ਬੇਪ੍ਰਵਾਹ ਫਕੀਰ ਹੈ ਜਿਸ ਨੂੰ ਸੰਗ ਸਾਰ ਹੋ ਜਾਣ ਦਾ ਡਰ ਭੀ ਨਹੀਂ ਪੋਹ ਸਕਿਆ! ਕਿਤਨਾ ਜਲਾਲ ਸੀ ਉਸ ਦੀਆਂ ਮਸਤਾਨੀਆਂ ਅੱਖਾਂ ਅੰਦਰ ਜਿਸ ਨੇ ਪੀਰ ਦਸਤਗੀਰ ਜੇਹੇ ਆਬਦ ਨੂੰ ਉਸ ਦੇ ਅੱਗੇ ਝੁਕਾ ਦਿਤਾ! ਕਿੰਨੇ ਦ੍ਰਿੜ੍ਹ ਵਿਸ਼ਵਾਸ਼ ਨਾਲ ਉਹ ਬੋਲਦਾ ਸੀ, ਉਸ ਨੂੰ ਰਤਾ ਸ਼ੰਕਾ ਨਹੀਂ ਸੀ ਆਪਣੀ ਗੱਲ ਤੇ ! ਕਿਤਨੀ ਸਚਾਈ ਸੀ ਉਸ ਦੇ ਕਥਨ ਵਿਚ ! ਮੈਨੂੰ ਤਾਂ ਉਸ ਦੇ ਅੰਦਰ ਹਜ਼ਰਤ ਖੁਦ ਬੋਲਦਾ ਪ੍ਰਤੀਤ ਹੁੰਦਾ ਸੀ, ਨਹੀਂ ਨਹੀਂ ਐਉਂ ਭਾਸਦਾ ਸੀ ਜਿਵੇਂ ਅਲਾਹ ਤਾਲਾ ਖੁਦ ਉਸ ਦੀ ਜਬਾਨ ਵਿਚੋਂ ਬੋਲ ਰਿਹਾ ਹੁੰਦਾ ਹੈ। ਸੁਬਹਾਨ ਅਲਹ !

ਲਿਖਿਆ ਹੈ ਕਿ ਸਤਿਗੁਰੂ ਚਾਰ ਮਹੀਨੇ ਦੇ ਲਗਭਗ ਇਸ ਥਾਉਂ ਟਿਕੇ ਰਹੇ । ਇਸ ਸਮੇਂ ਅੰਦਰ ਬਹੁਤ ਲੋਕਾਂ ਨੇ ਆਪ ਦੀ ਸੰਗਤ ਦਾ ਲਾਭ ਲਿਆ, ਕਈ ਪੀਰ ਫਕੀਰ ਆਪ ਦੇ ਸਾਦਕ ਹੋਏ । ਇਨਾਂ ਵਿਚੋਂ ਇਕ ਬਹਿਲੋਲ ਨਾਮ ਦਾ ਸੂਫੀ ਫਕੀਰ ਸੀ ਜੋ ਲਗਾਤਾਰ ਸਾਰਾ ਸਮਾਂ ਹੀ ਸਤਿਗੁਰੂ ਜੀ ਦੇ ਪਵਿੱਤਰ ਬਚਨਾਂ ਤੋਂ ਵਰੋਸਾਇਆ ਜਾਂਦਾ ਰਿਹਾ । ਜਿਸ ਪੱਥਰ ਦੀ ਸਿਲਾ ਪਰ ਸਤਿਗੁਰੂ ਬੈਠਿਆ ਕਰਦੇ ਸਨ, ਬਹਿਲੋਲ ਉਸ ਦੇ ਸਾਹਮਣੇ ਬੈਠ ਕੇ ਆਪ ਦੀ ਅਮਿਓ ਦ੍ਰਿਸ਼ਟ ਦਾ ਪਾਤਰ ਬਣਿਆ ਰਿਹਾ ਅਤੇ ਕਹਿੰਦੇ ਹਨ ਜਦੋਂ ਸਤਿਗੁਰੂ ਜੀ ਵਾਪਸ ਪਰਤੇ ਤਾਂ ਉਨਾਂ ਤੋਂ ਪਿਛੋਂ ਲਗਾਤਾਰ ਸੱਠ ਵਰ੍ਹੇ ਬਹਿਲੋਲ ਉਸ ਪੱਥਰ ਸਿਲਾ ਦੇ ਸਾਹਮਣੇ ਆਪ ਦੀ ਪਾਵਨ ਤੇ ਨਿੱਘੀ ਯਾਦ ਨੂੰ ਆਪਣੇ ਹਿਰਦੇ ਦੇ ਤਖਤ ਉੱਤੇ ਲਈ ਬੈਠਾ ਰਿਹਾ ।

## "ਮੇਰੇ ਨਾਨਕ ਦਾ ਨੂਰ ਹੈ"

ਸੁਰਜੀਤ ਸਿੰਘ "ਸਾਜਨ"

ਅੱਜ, ਨਨਕਾਣੇ ਦੀ ਧਰਤ ਤੇ, ਬਿਖਰਿਆ ਨੂਰ ਹੈ ।
ਇਸਦੇ ਹਰ ਬਸ਼ਿੰਦੇ ਦਾ, ਹਿਰਦਾ, ਪੂਰ ਸਰੂਪ ਹੈ ।
ਪਸ਼ੂ ਪੰਛੀ ਖੁਸ਼ ਨੇ, ਕਾਇਨਾਤ ਚਹਿਕਦੀ ਪਈ ਹੈ ।
ਨਾਨਕ ਦੀ ਆਮਦ ਤੇ, ਨੱਚ ਉੱਠੀ ਹਰ ਹੂਰ ਹੈ ।
ਅਰਸ਼ਾਂ ਤੋਂ ਫਰਸ਼ਾਂ ਤੇ, ਇਕ ਰੌਸ਼ਨੀ ਚਮਕੀ ਹੈ ।
ਸੱਚ ਨੇ, ਝੂਠ ਦਾ, ਕਰ ਦਿੱਤਾ, ਹਨ੍ਹੇਰਾ ਦੂਰ ਹੈ ।
ਧੁੰਦ ਦਾ ਹਨ੍ਹੇਰਾ ਜੋ, ਚਾਰੇ ਤਰਫ ਪਸਰਿਆ ਸੀ ।
ਜ਼ਰਾ ਜ਼ਰਾ ਚਮਕਿਆ, ਅੱਜ ਬਣ ਕੇ ਕੋਹਿਨੂਰ ਹੈ ।
ਹਾਸੇ ਤੇ ਖੇੜੇ ਵੰਡਦੀ, ਕੁਦਰਤ ਤੁਰੀ ਆ ਰਹੀ ਹੈ ।
ਦਿਲਕਸ਼ ਤੇ ਦਿਲ ਫਰੇਵਾ, ਮੇਰੇ ਨਾਨਕ ਦਾ ਨੂਰ ਹੈ ।
ਜੀ ਕਰਦਾ ਹੈ, ਮੈਂ ਨਨਕਾਣੇ ਦੀ ਧੂੜ ਪਰਸਾਂ,
"ਸਾਜਨ" ਦਾ ਘਰ, ਮੇਰੀ ਪਹੁੰਚ ਤੋਂ ਦੂਰ ਹੈ ।

**ਭਇਆ ਅਨੰਦ ਜਗਤੁ ਵਿਚਿ**
**ਕਲਿ ਤਾਰਨ ਗੁਰ ਨਾਨਕ ਆਇਆ।।**
(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ

(ਸ੍ਰ: ਸ਼ਮਸ਼ੇਰ ਸਿੰਘ 'ਅਸ਼ੋਕ')

ਮੁਢਲਾ ਹਾਲ ਸੰ: ੧੫੨੬-੧੫੫੪ ਬਿ:

ਉਦਾਸੀਆਂ ਤੋਂ, ਏਥੇ ਸਿਖ-ਸੰਕੇਤਾਵਲੀ ਦੇ ਅਨੁਸਾਰ, ਭਾਵ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਸ਼-ਵਿਦੇਸ਼ ਦੇ ਸਫਰਨਾਮੇ ਅਥਵਾ ਯਾਤਰਾ ਵਿਵਰਣ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੁਨੀਆਂਦਾਰੀ ਵਲੋਂ ਕੁਝ ਸਮੇਂ ਵਾਸਤੇ ਉਦਾਸ ਅਥਵਾ ਸੰਨਿਆਸ ਧਾਰਣ ਕਰਕੇ ਮੋਹ-ਜਾਲ ਵਿਚ ਜਕੜੇ ਹੋਏ ਰੱਬ ਦੇ ਬੰਦਿਆਂ ਦੇ ਉਧਾਰ ਵਾਸਤੇ ਨਵਖੰਡ ਮੇਦਨੀ ਦਾ ਚਕ੍ਰ ਲਗਾਉਣਾ ਹੀ ਉਨ੍ਹਾਂ ਦੀਆਂ ਉਦਾਸੀਆਂ ਕਹਿ ਲਓ ਜਾਂ ਯਾਤਰਾ, ਇਕੋ ਹੀ ਗਲੱ ਹੈ । ਜਨਮ ਸਾਖੀ ਸ੍ਰੀ ਗੁਰੂ ਨਾਨਕ ਜੇਵ ਜੀ ਵਿਚ ਗੁਰੂ ਸਾਹਿਬ ਦੀਆਂ ਇਸ ਸਬੰਧ ਵਿਚ ਚਾਰ ਉਦਾਸੀਆਂ ਪ੍ਰਸਿੱਧ ਹਨ ।

ਜਿਵੇਂ ਕੋਈ ਦੂਰ-ਅੰਦੇਸ਼ ਤੇ ਸਮਝ-ਸੂਝ ਵਾਲਾ ਵਿਅਕਤੀ ਕਿਸੇ ਮੁਹਿੰਮ ਉਤੇ ਦੂਰ-ਨੇੜੇ ਜਾਣ ਲਈ ਤੁਰਨ ਤੋਂ ਪਹਿਲਾਂ ਆਪਣੀ ਅੱਛੀ ਖਾਸੀ ਤਿਆਰੀ ਕਰਨ ਲੱਗ ਪੈਂਦਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ, ਜੋ ਸੱਚ ਦੇ ਰਾਹ ਤੋਂ ਭੁੱਲੇ-ਭਟਕੇ ਤੇ ਖੱਜਲ-ਖੁਆਰ ਹੋ ਰਹੇ ਲੋਕਾਂ ਦੇ ਉਧਾਰ ਵਾਸਤੇ ਅਕਾਲ ਪੁਰਖ ਦੇ ਹੁਕਮ ਨਾਲ ਏਥੇ ਅਵਤਾਰ ਧਾਰਨ ਕਰ ਕੇ ਸੰਮਤ ੧੫੨੬ ਤੋਂ ੧੫੫੪ ਬਿ: ਤਕ ਲਗ ਪਗ ੨੮ ਸਾਲ, ਜੇ ਇਨ੍ਹਾਂ ਵਿਚੋਂ ਉਨ੍ਹਾਂ ਦੇ ਬਾਲ ਵਰੇਸ ਦੇ ੧੪ ਸਾਲ ਕੱਢ ਲਏ ਜਾਣ ਤਾਂ ਪੂਰੇ ੧੪ ਸਾਲ ਇਸੇ ਤਿਆਰੀ ਵਿਚ ਹੀ ਲਗਾ ਦਿਤੇ ਸਨ। ਬਚਪਨ ਵਿਚ ਹੀ ਜਦੋਂ ਉਹ ਮਸਾਂ ੭ ਸਾਲ ਦੇ ਹੀ ਸਨ, ਪਾਠਸ਼ਾਲਾ ਵਿਚ ਦਾਖਲ ਹੋ ਕੇ ਪਹਿਲਾਂ ਗੁਪਾਲ ਪਾਂਧੇ ਨੂੰ ਉਪਦੇਸ਼, ਫੇਰ ੯ ਸਾਲ ਦੀ ਉਮਰੇ ਮਕਤਬ ਵਿਚ ਜਾ ਕੇ ਮੌਲਵੀ ਕੁਤਬਦੀਨ ਨੂੰ ਉਪਦੇਸ਼, ਇਸ ਤੋਂ ਬਾਅਦ ਜੰਞੂ ਪਾਉਣ ਵਾਲੇ ਪੰਡਤ ਹਰਦਿਯਾਲ ਤੇ ਨਬਜ਼ ਦੇਖ ਕੇ ਰੋਗ ਪਛਾਣਨ ਵਾਲੇ ਨਗਰ ਤਲਵੰਡੀ ਦੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਵਿਹਾਝਣ ਦੇ ਦੌਰਾਨ ਵਿਚ ਪਿਤਾ ਨੂੰ ਉਪਦੇਸ਼, ਗਊਆਂ-ਮੱਝਾਂ ਚਾਰਦਿਆਂ ਉੱਜੜਿਆ ਹੋਇਆ ਖੇਤ ਹਰਾ ਵਿਖਾਲਣ ਸਮੇਂ ਤਲਵੰਡੀ ਦੇ ਰਈਸ ਰਾਇ ਬੁਲਾਰ ਤੇ ਖੇਤ ਵਾਲੇ ਜੱਟ ਨੂੰ ਉਪਦੇਸ਼, ਫੇਰ ਤਲਵੰਡੀਓਂ ਸੁਲਤਾਨਪੁਰ (ਲੋਧੀ) ਪਹੁੰਚ ਕੇ ਨਵਾਬ ਦੌਲਤ ਖਾਨ ਸਮੇਤ, ਉਸ ਦੇ ਕਾਜ਼ੀ ਤੇ ਮੌਲਵੀ ਨੂੰ ਉਪਦੇਸ਼, ਇਸ ਤੋਂ ਬਾਅਦ ਛੇਤੀ ਹੀ ਵੇਈਂ ਪ੍ਰਵੇਸ਼ ਕਰਨ ਪਿਛੋਂ 'ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਨਾਹਰਾ ਲਗਾ ਕੇ ਮਜ਼ਹਬਾਂ ਦੀ ਖਿੱਚੋ- ਤਾਣ ਦੇ ਕਾਰਣ ਪਰਸਪਰ ਲੜਦੇ - ਝਗੜਦੇ ਮੁਲਾਂ-ਮੁਲਾਣਿਆਂ ਤੇ ਪੰਡਿਤਾਂ ਪਾਂਧਿਆਂ ਨੂੰ ਉਪਦੇਸ਼, ਗੱਲ ਕੀ, ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਮੁਢਲੇ ਜੀਵਨ ਵਿਚ ਜਿਵੇਂ ਕਿ ਉਨ੍ਹਾਂ ਦੀ ਜਨਮ ਸਾਖੀ ਦੇ ਮੁਢਲੇ ਸਫਿਆਂ ਤੋਂ ਪਤਾ ਲਗਦਾ ਹੈ, ਹਰ ਥਾਵੇਂ ਤੇ ਹਰ ਪਾਸੇ ਉਪਦੇਸ਼ ਦਿੰਦੇ ਨਜ਼ਰ ਆਉਂਦੇ ਹਨ । ਉਨ੍ਹਾਂ ਦਾ ਇਹ ਰੱਬੀ ਉਪਦੇਸ਼ ਕੇਵਲ ਆਪਣੇ ਘਰ-ਬਾਹਰ ਤੇ ਇਲਾਕੇ ਦੇ ਸੱਜਨਾਂ-ਸਨੇਹੀਆਂ, ਭਾਈ ਬੰਧੀਆਂ, ਸਾਕਾਂ-ਸੰਬੰਧੀਆਂ, ਨਿਕਟਵਰਤੀ ਕਰਮਚਾਰੀਆਂ, ਸਤਿਸੰਗੀਆਂ ਤੇ ਪ੍ਰਤਿਸ਼ਟਿਤ ਪੁਰਸ਼ਾਂ ਤਕ ਹੀ ਸੀਮਿਤ ਨਹੀਂ ਰਿਹਾ ਸਗੋਂ ਧੀਰੇ ਧੀਰੇ, ਜਦੋਂ ਉਹ ਤਲਵੰਡੀ ਛੱਡ ਕੇ ਸੁਲਤਾਨਪੁਰ ਪੁਜੇ ਤਾਂ ਸਾਰੇ ਬ੍ਰਹਮੰਡ ਵਿਚ ਪਸਰਨ ਲੱਗ ਗਿਆ ਤੇ ਸਾਰੀ ਦੁਨੀਆਂ ਉਨ੍ਹਾਂ ਦੇ ਇਸ ਉਪਦੇਸ਼ ਦੇ ਘੇਰੇ ਵਿਚ ਆਉਣ ਲਈ ਉਤਾਵਲੀ ਹੋਣ ਲਗ ਪਈ । ਗੁਰੂ ਸਾਹਿਬ ਇਸ ਦੌਰਾਨ ਵਿਚ ਮਾਤਾ-ਪਿਤਾ ਵਲੋਂ ਜ਼ੋਰ ਦੇਣ ਤੇ ਦੁਨੀਆਂਦਾਰੀ ਦੇ ਬੰਧਨਾਂ ਵਿਚ ਜਕੜੇ ਜਾਣ ਲਈ ਬਟਾਲੇ ਮੂਲੇ ਚੋਣੇ ਦੇ ਘਰ ਵਿਆਹੇ ਵੀ ਗਏ ; ਉਨ੍ਹਾਂ ਦੇ ਘਰ ਮਾਤਾ ਸੁੱਲਖਣੀ ਜੀ ਦੀ ਕੁਖੋਂ ਦੋ ਲ ਕੇ-ਸ੍ਰੀ ਚੰਦ ਤੇ ਲਖਮੀ ਦਾਸ ਵੀ ਪੈਦਾ ਹੋਏ, ਘਰ ਦਾ ਗੁਜ਼ਾਰਾ ਤੋਰਨ ਲਈ ਉਨ੍ਹਾਂ ਨੇ ਸੁਲਤਾਨ ਪੁਰ ਰਹਿ ਕੇ ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਦਾ ਕੰਮ ਵੀ ਬੜੀ ਜ਼ਿੰਮੇਵਾਰੀ ਨਾਲ ਨਿਭਾਇਆ, ਪਰ ਉਹ ਇਸ ਤਰ੍ਹਾਂ ਚੁਗਿਰਦੇ ਅੱਛਾ ਖਾਸਾ ਮੋਹ-ਜਾਲ ਤਣਿਆ ਜਾਣ ਦੇ ਬਾਵਜੂਦ ਗ੍ਰਿਹਿਸਥ ਧਰਮ ਦੇ ਇਨ੍ਹਾਂ ਦੁਨੀਆਵੀ ਬੰਧਨਾਂ ਵਿਚ ਉੱਕੇ ਹੀ ਨਾ ਫਸੇ, ਤੇ ਤਦ ਹੀ ਪਤਾ ਲੱਗਿਆ ਜਦ ਉਹ ਸੰਸਾਰਿਕ ਮੋਹ ਦੀ ਇਹ ਬੋਝਲ ਪੰਡ ਆਪਣੇ ਮੋਢਿਆਂ ਤੋਂ ਇਕ ਪਾਸੇ ਉਲਾਰ ਕੇ ਅਤਿ ਮਿੱਠੀ ਸੰਗੀਤਕ ਧੁਨਿ ਵਿਚ 'ਧੰਨ ਨਿਰੰਕਾਰ, ਧੰਨ ਨਿਰੰਕਾਰ" ਜਪਦੇ ਹੋਏ ਉਦਾਸੀਨ ਬ੍ਰਿਤੀ ਧਾਰਣ ਕਰਕੇ ਸੁਲਤਾਨਪੁਰੋਂ ਨਿਕਲ ਤੁਰੇ । ਇਸ ਸਮੇਂ


www.AKJ.Org

ਕੇਵਲ ਭਾਈ ਮਰਦਾਨਾ ਰਬਾਬੀ ਉਨ੍ਹਾਂ ਦੇ ਨਾਲ ਸੀ ਤੇ ਹੋਰ ਸੰਗੀ-ਸਾਥੀ ਕੋਈ ਨਹੀਂ ਸੀ ।

**ਭਾਰੀ ਕਰੀ ਤਪੱਸਿਆ : ਸੰਮਤ ੧੫੫੪ ਬਿ:**

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਸੁਲਤਾਨ ਪੁਰੋਂ ਚੱਲ ਕੇ ਆਪਣੀ ਜਨਮ-ਭੂਮੀ ਤਲਵੰਡੀ ਥੀਂ ਹੁੰਦੇ ਹੋਏ ਪਹਿਲਾਂ ਸੈਦਪੁਰ (ਏਮਨਾਬਾਦ) ਭਾਈ ਲਾਲੋ ਬਾਢੀ ਦੇ ਕੋਲ ਪਹੁੰਚੇ । ਭਾਈ ਲਾਲੋ ਪਹਿਲਾਂ ਹੀ ਗੁਰੂ ਦੀ ਜਾ ਬੜਾ ਅੱਛਾ ਸ਼ਰਧਾਲੂ ਬਣ ਚੁਕਾ ਸੀ । ਏਥੇ ਗੁਰੂ ਸਾਹਿਬ ਨੇ ਰੋੜਾਂ ਦਾ ਆਸਨ ਲਗਾ ਕੇ, ਜਿਵੇਂ ਭਾਈ ਗੁਰਦਾਸ ਨੇ ਵਾਰਾਂ ਗਯਾਨ ਰਤਨਾਵਲੀ ਦੀ ਪਹਿਲੀ ਘਰ ਵਿਚ ਲਿਖਿਆ ਹੈ- " ਭਾਰੀ ਕਰੀ ਤਪੱਸਿਆ, ਰੋੜਾਂ ਦੀ ਗੁਰ ਕਰੀ ਵਿਛਾਈ ।" ਬੜੀ ਕਠਿਨ ਤਪੱਸਿਆ ਕੀਤੀ ਤੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸਾਧਿਆ ਤਾਂ ਕਿ ਭਵਿੱਖ ਵਿਚ ਆਉਣ ਵਾਲੀਆਂ ਭੁੱਖ, ਤ੍ਰੇਹ, ਗਰਮੀ, ਸਰਦੀ ਆਦਿ ਹਰ ਪ੍ਰਕਾਰ ਦੀਆ ਮੁਸ਼ਕਿਲਾਂ ਉਤੇ ਸਹਿਜੇ ਹੀ ਕਾਬੂ ਪਾਇਆ ਜਾ ਸਕੇ, ਕਿਉਂਕਿ ਇਸ ਸਮੇਂ ਉਹ ਕੇਵਲ ਇਕ ਪਰਿਵਾਰਕ ਜਾਂ ਭਾਈਚਾਰਕ ਵਿਅਕਤੀ ਵਜੋਂ ਛੋਟੇ ਜਿਹੇ ਜਨ-ਸਮਾਜ ਵਿਚ ਨਹੀਂ, ਸਗੋਂ ਇਕ ਸੰਸਾਰਿਕ ਆਗੂ ਦੇ ਰੂਪ ਵਿਚ ਇਕ ਆਮ ਉਦੇਸ਼ 'ਚੜ੍ਹਿਆ ਸੋਧਨ ਧਰਤਿ ਲੁਕਾਈ" ਨੂੰ ਮੁੱਖ ਰਖਕੇ ਕੇ ਲੰਮੀ ਯਾਤ੍ਰਾ ਦੇ ਉਨ੍ਹਾਂ ਦੁਰਗਮ ਪੈਂਡਿਆਂ ਉਤੇ ਜਾ ਰਹੇ ਸਨ, ਜਿਥੇ ਉਨ੍ਹੀਂ ਦਿਨੀਂ ਅੱਜ ਕੱਲ ਦੇ ਸਮੇਂ ਵਾਂਗੂ ਸੁਖ ਦਾ ਸਾਧਨ ਤੇ ਇਨਸਾਨੀ ਜ਼ਿੰਦਗੀ ਲਈ ਹਿਫ਼ਾਜ਼ਤ ਦਾ ਵਸੀਲਾ ਕੋਈ ਨਹੀਂ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਤਪੱਸਿਆ ਸਮੇਂ ਸੈਦਪੁਰ (ਏਮਨਾਬਾਦ) ਦੇ ਮਲਿਕ ਭਾਗੋ ਨਾਮੀ ਇਕ ਬੜੇ ਭਾਰੇ ਅਮੀਰ ਆਦਮੀ ਨਾਲ ਵਾਹ ਪਿਆ ਜਿਸ ਨੇ ਅਨੇਕਾਂ ਨਾਜ਼ਾਇਜ਼ ਤਰੀਕੇ ਵਰਤ ਕੇ ਧਨ-ਮਾਲ ਤਾਂ ਬਹੁਤੇਰਾ ਜੋੜ ਲਿਆ ਸੀ, ਪਰ ਕੋਈ ਧਰਮ-ਕਰਮ ਆਪਣੇ ਨੇੜੇ ਨਹੀਂ ਸੀ ਲੱਗਣ ਦਿਤਾ । ਕਈ ਵੇਰ ਪਾਪੀ ਆਦਮੀ ਵੀ, ਜਿਵੇਂ ਕਿ ਦੇਖਣ ਵਿਚ ਆਉਂਦਾ ਹੈ, ਪੁੰਨ ਦੇ ਬਹਾਨੇ ਦੁਨੀਆਂ ਦੀ ਮੁਫਤ ਦੀ ਸ਼ੋਭਾ ਖੱਟਣ ਦਾ ਯਤਨ ਕਰਦੇ ਹਨ ਜਿਸ ਕਰ ਕੇ ਮਲਿਕ ਭਾਗੋ ਨੇ ਵੀ ਆਪਣੀ ਸੋਭਾ ਵਾਸਤੇ ਬ੍ਰਹਮ-ਭੋਜ ਕੀਤਾ ਤੇ ਉਸ ਬ੍ਰਹਮ-ਭੋਜ ਵਿਚ ਤਪੀਆਂ ਦੇ ਸਿਰਤਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ । ਗੁਰੂ ਸਾਹਿਬ, ਜੋ ਭਾਈ ਲਾਲੋ ਬਾਢੀ ਦੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਨੂੰ ਇਸ ਅਮੀਰੀ ਉਤੇ ਤਰਜੀਹ ਦਿੰਦੇ ਸਨ, ਪਹਿਲਾਂ ਤਾਂ ਇਸ ਸੱਦੇ ਉਤੇ ਨਾ ਗਏ, ਪਰ ਫੇਰ ਜਦ ਮਜਬੂਰ ਕੀਤੇ ਗਏ ਤਾਂ ਉਨ੍ਹਾਂ ਨੇ ਬੜੀ ਦਲੇਰੀ ਨਾਲ ਉਥੇ ਜਾ ਕੇ ਮਲਿਕ ਭਾਗੋ ਦੀ ਕਮਾਈ 'ਚੋਂ ਗਰੀਬਾਂ ਦਾ ਲਹੂ ਤੇ ਭਾਈ ਲਾਲੋ ਦੀ ਕਮਾਈ 'ਚੋਂ ਦੁੱਧ ਨਿਚੋੜ ਵਿਖਾਇਆ ਅਤੇ ਸਾਬਤ ਕਰ ਦਿਤਾ ਕਿ ਇਨਸਾਨ ਦੀ ਉੱਜਲ ਬੁਧਿ ਤੇ ਆਤਮਾ ਨਿਰਮਲ ਤਦ ਹੀ ਰਹਿ ਸਕਦੀ ਹੈ ਜੇ ਉਸ ਦਾ ਗੁਜ਼ਾਰਾ ਸਤ-ਧਰਮ ਦੀ ਕਮਾਈ ਉਤੇ ਹੋਵੇ । ਮਲਿਕ ਭਾਗੋ ਨੂੰ ਇਸ ਅਟੱਲ ਸਚਾਈ ਅੱਗੇ ਆਖਰ ਸੌ ਹੇਰ ਫੇਰ ਕਰਨ ਦੇ ਬਾਵਜੂਦ ਝੁਕਣਾ ਪਿਆ ।

**ਗੁਰੂ ਜੀ ਦੀ ਪਹਿਲੀ ਉਦਾਸੀ ਸੰਮਤ ੧੫੫੫–੧੫੬੬ ਬਿ:**

ਇਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੈਦਪੁਰ (ਏਮਨਾਬਾਦ) ਰੋੜੀ ਸਾਹਿਬ ਦੇ ਸਥਾਨ ਪਰ ਇਸ ਤਪ-ਸਾਧਨ ਤੋਂ ਫ਼ਾਰਿਗ ਹੋਏ ਤਾਂ ਉਨ੍ਹਾਂ ਨੇ ਸੰਮਤ ੧੫੫੬ ਬਿ: ਵਿਚ ਜ਼ਿਲਾ ਸ਼ੇਖੂਪੁਰਾ, ਗੁਜਰਾਂਵਾਲਾ, ਲਾਹੌਰ ਅੰਮ੍ਰਿਤਸਰ ਆਦਿ ਦੇ ਪਿੰਡਾਂ ਦਾ ਦੌਰਾ ਕਰ ਕੇ ਪਹਿਲੀ ਉਦਾਸੀ ਅਥਵਾ ਯਾਤ੍ਰਾ ਪੂਰਬ ਦੇਸ਼ ਦੀ ਕੀਤੀ ਜਿਸ ਵਿਚ ਉਹ ਕੁਰਖੇਤਰ, ਕਰਨਾਲ, ਪਾਣੀਪਤ, ਹਰਿਦਵਾਰ (ਗੰਗਾ), ਦਿੱਲੀ, ਮਥੁਰਾ, ਬਿੰਦ੍ਰਾਵਨ, ਅਯੁਧਯਾ, ਨਾਨਕ ਮਤਾ (ਪੀਲੀਭੀਤ), ਲਖਨਊ, ਪ੍ਰਯਾਗ (ਅਲਾਹਾਬਾਦ), ਬਨਾਰਸ (ਉੱਤਰ ਪ੍ਰਦੇਸ਼), ਗਯਾ, ਪਟਨਾ, ਬਿਹਾਰ, ਢਾਕਾ (ਬੰਗਲਾ) ਧਨਪੁਰ, ਧੁਬੜੀ, ਕਾਮਰੂਪ, (ਅਸਾਮ), ਸਵਰਣਦੀਪ, ਚਿਟਾਗਾਂਗ, ਜਗਨਨਾਥ (ਉੜੀਸਾ) ਆਦਿ ਥੀਂ ਹੁੰਦੇ ਹੋਏ ਵਿਧਯਾਂਚਲ ਪਰਬਤ ਘਾਟੀਆਂ ਦੇ ਵਿਚੋਂ ਦੀ ਲੰਘ ਕੇ ਮਧਯ ਭਾਰਤ ਤੇ ਰਾਜਪੂਤਾਨੇ ਦੇ ਰਸਤੇ ਸੰਮਤ ੧੫੬੬ ਬਿ: ਵਿਚ ਪੂਰੇ ੧੨ ਵਰ੍ਹਿਆਂ ਤੋਂ ਬਾਅਦ ਵਾਪਸ ਤਲਵੰਡੀ ਪਹੁੰਚੇ ।

ਇਸ ਉਦਾਸੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕੁਰਖੇਤਰ ਤੇ ਹਰਿਦਵਾਰ (ਗੰਗਾ) ਦੇ ਪੰਡਿਆਂ ਦਾ ਭ੍ਰਮ-ਅੰਨ੍ਹੇਰਾ ਦੂਰ ਕਰਦੇ ਹੋਏ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਤੇ ਉਸ ਦੇ ਦਰਬਾਰੀ ਮੁਲਾਂ-ਮੁਲਾਣੇ ਤੇ ਸ਼ਰਾ ਦੇ ਫ਼ਤਵੇ ਦੇਣ ਵਾਲੇ ਮੁਫਤੀਆਂ ਨੂੰ ਵੀ ਮਿਲੇ । ਇਸ ਦੇ ਨਾਲ ਹੀ ਦਿੱਲੀ ਦੇ ਆਸ ਪਾਸ ਦੇ ਪ੍ਰਸਿੱਧ ਸੂਫੀ ਫਕੀਰਾਂ ਨਾਲ ਵੀ ਉਨ੍ਹਾਂ ਦਾ ਮਿਲਾਪ ਇਸੇ ਦੌਰਾਨ ਵਿਚ ਹੋਇਆ, ਫੇਰ ਉਹ ਬਨਾਰਸ ਜਾ ਕੇ ਉਥੋਂ ਦੇ ਪ੍ਰਸਿੱਧ ਪੰਡਿਤ ਚਤੁਰ ਦਾਸ ਤੇ ਹੋਰ ਰਾਮਾਨੰਦ ਅਤੇ ਕਬੀਰ ਪੰਥੀ



www.AKJ.Org

ਸੰਪ੍ਰਦਾਇ ਦੇ ਸੰਤਾਂ-ਭਗਤਾਂ ਨੂੰ ਮਿਲੇ, ਜੋ ਉਸ ਸਮੇਂ ਉੱਤਰ ਪ੍ਰਦੇਸ਼ ਵਿਚ ਭਗਤੀ ਲਹਿਰ ਜਨ-ਸਮਾਜ ਦੇ ਸੁਧਾਰ ਲਈ ਇਕ ਨਵੀਂ ਪ੍ਰੇਰਣਾ ਦੇ ਰਹੇ ਸਨ । ਉਨ੍ਹਾਂ ਵਿਚੋਂ ਕੁਝ ਅਜਿਹੇ ਸੰਤ-ਭਗਤ ਵੀ ਸਨ ਜੋ ਅਵਤਾਰ ਵਾਦੀ ਰਾਮ ਕ੍ਰਿਸ਼ਨ ਦੀ ਭਗਤੀ ਦੀ ਉਲਝਣ ਵਿਚ ਫਸੇ ਹੋਏ ਸਨ, ਇਸ ਲਈ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਸ ਭ੍ਰਮ ਜਾਲ ਵਿਚੋਂ ਕੱਢਿਆ । ਇਸ ਤਰ੍ਹਾਂ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚੋਂ ਦੀ ਲੰਘ ਕੇ ਗੁਰੂ ਸਾਹਿਬ ਦਾ ਵਾਹ ਫੇਰ ਬੰਗਾਲ, ਆਸਾਮ ਤੇ ਉੜੀਸਾ ਦੇ ਸਾਕਤਾਂ ਨਾਲ ਪਿਆ ਜੋ ਕਿਸੇ ਮੰਤ੍ਰ ਤੰਤ੍ਰ, ਟੂਣੇ ਟਾਮਣ ਕਰ ਕੇ ਸ਼ਕਤੀ ਅਥਵਾ ਦੁਰਗਾ ਦੇਵੀ ਦੀ ਉਪਮਾ ਵਿਚ ਹੀ ਮਨੁੱਖੀ ਜੀਵਨ ਦੀ ਸਫਲਤਾ ਸਮਝੀ ਬੈਠੇ ਸਨ । ਗੁਰੂ ਸਾਹਿਬ ਨੇ ਇਸ ਸਬੰਧ ਵਿਚ ਕਾਮ ਰੂਪ (ਆਸਾਮ) ਦੀ ਨੂਰੇ ਸ਼ਾਹ (ਉਸ ਦੀਆਂ ਟੂਣੇ ਹਾਰ ਅੰਗ ਸਹੇਲੀਆਂ) ਨੂੰ, ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਜਾਦੂ ਦੇ ਤਾਵੀਜ਼ ਬੰਨ੍ਹ ਕੇ ਮੀਢਾ ਬਣਾਉਣ ਦਾ ਯਤਨ ਕੀਤਾ ਸੀ, ਇਨ੍ਹਾਂ ਫੋਕਟ ਕਰਮਾਂ ਤੋਂ ਹਟਾ ਕੇ ਬ੍ਰਹਮ ਗਿਆਨ ਦਾ ਉਪਦੇਸ਼ ਦਿਤਾ । ਫੇਰ ਇਸ ਤੋਂ ਅੱਗੇ ਨਾਗਾ ਪਰਬਤ ਘਾਟੀਆਂ ਦੇ ਸਾਕਤ ਕੌਡੇ, ਦੇਵਲੂਤ ਆਦਿ ਰਾਖਸ਼ ਬ੍ਰਿਤੀ ਦੇ ਬੰਦਿਆਂ ਨੂੰ ਜੋ ਦੇਵੀ ਪ੍ਰਤੀ ਨਰਬਲੀਆਂ (Human Sacrifices) ਦੇਣ ਵਿਚ ਹੀ ਆਪਣੇ ਜੀਵਨ ਦੀ ਸਾਰਥਿਕਤਾ ਸਮਝ ਕੇ ਨਰ-ਭੱਖੀ ਬਣੇ ਫਿਰਦੇ ਸਨ, ਨਾ ਕੇਵਲ ਇਨ੍ਹਾਂ ਕੁਕਰਮਾਂ ਤੋਂ ਹੀ ਹਟਾਇਆ, ਸਗੋਂ ਹਮੇਸ਼ਾਂ ਲਈ ਇਨਸਾਨੀਅਤ ਦੇ ਪੂਰੇ ਪੂਰੇ ਕਦਰਦਾਨ ਵੀ ਬਣਾ ਦਿੱਤਾ, ਜੋ ਗੁਰੂ ਸਾਹਿਬ ਦੀ ਇਕ ਖਾਸ ਕਰਾਮਾਤ ਮੰਨੀ ਜਾ ਸਕਦੀ ਹੈ। ਇਸੇ ਤਰ੍ਹਾਂ ਉੜੀਸਾ ਦਾ ਇਕ ਸਭ ਤੋਂ ਵੱਡਾ ਧਨੀ ਪੰਡਾ ਕਲਿਜੁਗ, ਜਿਸ ਨੂੰ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਭਾਈ ਪੈੜਾ ਮੋਖਾ) ਵਿਚ ਘੋਰ ਕਲਿਜੁਗ ਦਾ ਭਯਾਨਕ ਰੂਪ ਦੇ ਕੇ ਵਰਨਣ ਕੀਤਾ ਹੈ ਅਤੇ ਜੋ ਮੋਤੀਆਂ ਦੇ ਰਤਨ-ਜੜਿਤ ਸ਼ਰਣ ਮੰਦਿਰ ਉਸਾਰਨ ਵਿਚ ਹੀ ਆਪਣੀ ਵਡਿਆਈ ਸਮਝਦਾ ਸੀ, ਜੇ ਇਸ ਮੱਕੜੀ ਦੇ ਜਾਲੇ ਦੀ ਤਰ੍ਹਾਂ ਤਣੇ ਹੋਏ ਮਾਇਆ ਰੂਪੀ ਦੁਨਿਆਵੀ ਮੋਹ-ਕਾਲ ਵਿਚੋਂ ਨਿਕਲ ਕੇ ਸੱਚ ਦਾ ਪੰਧਾਊ ਬਣਿਆ ਤਾਂ ਇਹ ਵੀ ਜਗਤ-ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਜੀਵਨ ਤੇ ਅਦੁੱਤੀ ਆਤਮਿਕ ਗਿਆਨ ਦਾ ਹੀ ਇਕ ਕ੍ਰਿਸ਼ਮਾ ਸੀ, ਨਹੀਂ ਤਾਂ ਤੇਲੀ ਦੇ ਨੱਤੇ ਦੀ ਤਰ੍ਹਾਂ ਅਜਿਹੇ ਮਨਮੁਖ ਲੋਕਾਂ ਦੇ ਦਿਲਾਂ ਨੂੰ, ਜਿਨ੍ਹਾਂ ਦੇ ਉੱਤੇ ਪੁਸ਼ਤ ਦਰ ਪੁਸ਼ਤ ਜਨਮ ਜਨਮ ਦੀ ਮੈਲ ਜੰਮੀ ਹੋਈ ਹੋਵੇ, ਧੋ ਧਾ ਕੇ ਸਾਫ਼-ਸੱਫਾਫ ਤੇ ਅਤਿ ਉੱਜਲ ਦੁੱਧ-ਧੋਤੇ ਹੋਰ ਕੌਣ ਬਣਾ ਸਕਦਾ ਹੈ ?

**ਗੁਰੂ ਸਾਹਿਬ ਦੀ ਦੂਜੀ ਉਦਾਸੀ :**
**ਸੰਮਤ ੧੫੬੭-੧੫੭੨ ਬਿ:**

ਦੂਜੀ ਉਦਾਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੱਖਣ ਦੀ ਹੈ ਜਿਸ ਵਿਚ ਗੁਰੂ ਸਾਹਿਬ ਸਰਸਾ, ਬੀਕਾਨੇਰ, ਜੈਸਲਮੇਰ, ਜੈਪੁਰ, ਜੋਧਪੁਰ, ਸਿਰੋਹੀ, ਅਜਮੇਰ, ਪੁਸ਼ਕਰ, ਝਾਲਾ ਪਾਟਨ, ਆਬੂ ਨਾਥ ਦੁਆਰੇ, ਲੋਧੀ ਪੁਰ, ਉਜੈਨ, ਇੰਦੌਰ, ਬਿਦਰ, ਨਰਸਿੰਘ ਪੁਰ, ਬਾਲਾ ਘਾਟ, ਬੁਰਹਾਨ ਪੁਰ, ਰਾਮ ਟੇਕਰੀ, ਗੰਤੂਰ, ਤ੍ਰਿਸ਼ਨਾ ਪਲੀ, ਪਾਂਡੀਚਰੀ, ਮਦਰਾਸ ਸ੍ਰੀ ਰੰਗਾਪਟਨਮ, ਚੀਨਾ ਪਦਮ, ਨਾਗਾ ਪਦਮ, ਸੰਗਲਾ ਦੀਪ (ਲੰਕਾ) ਆਦਿ ਥਾਈਂ ਗਏ ਤੇ ਸੇਤੁ ਬੰਧੁ (ਰਾਮੇਸ਼ਵਰ), ਮਾਲਾਬਾਰ, ਮੱਕਾ ਮਦੀਨਾ, ਸਾਰਾਗੜ੍ਹ ਦੁਆਰਕਾ, ਜੂਨਾਗੜ੍ਹ, ਕਾਠੀਆਵਾੜ, ਸਿੰਧ, ਸਤਘਰਾ (ਮਿੰਟਗੁਮਰੀ) ਆਦਿ ਨਗਰਾਂ ਤੇ ਇਲਾਕਿਆਂ ਦੀ ਯਾਤਰਾ ਵੀ ਇਸੇ ਉਦਾਸੀ ਵਿਚ ਸ਼ਮਾਲ ਹੈ । ਇਹ ਉਦਾਸੀ, ਜਿਵੇਂ ਕਿ ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ ਵਿਚ ਲਿਖਿਆ ਹੈ, ਸੰਮਤ ੧੫੬੭ ਬਿ: ਵਿਚ ਹਾੜ੍ਹ ਦੇ ਮਹੀਨੇ ਸ਼ੁਰੂ ਹੋਈ ਸੀ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਉਦਾਸੀ ਵਿਚ ਬੀਕਾਨੇਰ (ਰਾਜਸਥਾਨ) ਦੇ ਮੂੰਹ ਪੱਟੀ ਵਾਲੇ ਅਹਿੰਸਾਵਾਦੀ ਜੈਨ ਸਾਧੂਆਂ ਨੂੰ, ਉਜੈਨ (ਮਾਲਵਾ) ਵਿਚ ਓਅੰਕਾਰ ਮਹਾਕਾਲੇਸ਼ਵਰ ਸ਼ਿਵ ਮੰਦਿਰ ਦੇ ਪੁਜਾਰੀਆਂ ਨੂੰ, ਕਰਨੂਰ (ਮਹਾਰਾਸ਼ਟਰ) ਵਿਚ ਗਣੇਸ਼ ਦੇਵਤਾ ਤੇ ਸ਼ਰਧਾਲੂਆਂ ਨੂੰ, ਭਾਗਲਪੁਰ (ਤਿਲੰਗ ਦੇਸ) ਦੇ ਜੋਗੀਆਂ ਨੂੰ, ਮਟੀਆ ਕਲਪ (ਸੰਗਲਾਦੀਪ) ਵਿਚ ਰਾਜਾ ਸ਼ਿਵਨਾਭ ਨੂੰ, ਦੀਬਰ ਨਗਰ ਦੇ ਭਾਟੜਿਆਂ ਨੂੰ, ਮੱਕਾ ਮਦੀਨਾ (ਅਰਬ) ਤੇ ਬਗਦਾਦ (ਇਰਾਕ) ਦੇ ਮਜਾਵਰਾਂ, ਮੁਲਾਂ, ਕਾਜ਼ੀਆਂ ਤੇ ਸੂਫ਼ੀਆਂ (ਫ਼ਕੀਰਾਂ) ਨੂੰ, ਗਿਰਿਨਾਰ ਪਰਬਤ (ਕਾਠੀਆਵਾੜ) ਦੇ ਅਘੋਰ ਪੰਥੀਆਂ ਨੂੰ, ਸੋਮਨਾਥ ਦੇ ਪੰਡਿਆਂ ਤੇ ਦੁਆਰਕਾ ਦੇ ਕ੍ਰਿਸ਼ਨਾ ਨੰਦ ਵੈਸ਼ਨਵਾਂ ਨੂੰ ਤੇ ਆਸਾ ਪੁਰੀ (ਕੱਛ ਦੇਸ) ਦੇ ਕਾਪੜੀਆ ਪੰਥੀਆਂ ਨੂੰ, ਸਤਿਨਾਮ ਦਾ ਉਪਦੇਸ਼ ਦੇ ਕੇ ਭ੍ਰਮ-ਜਾਲ ਵਿਚੋਂ ਕਢਿਆ ਤੇ ਗੁਰਮੱਤ ਦੇ ਅਨੁਸਾਰ ਅਕਾਲ ਪੁਰਖ ਦੀ ਭਜਨ ਬੰਦਗੀ ਦਾ ਸੱਚਾ ਰਾਹ ਦਿਖਾਇਆ ਸੀ ।

ਬਗਦਾਦ ਦੇ ਇਕ ਤੁਰਕੀ ਸ਼ਿਲਾਲੇਖ ਦੇ ਅਨੁਸਾਰ, ਜੋ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ



www.AKJ.Org

ਯਾਦਗਾਰੀ ਅਸਥਾਨ ਪਰ ਲੱਗਾ ਹੋਇਆ ਹੈ ਗੁਰੂ ਜੀ ਦੀ ਬਗਦਾਦ ਫੇਰੀ ਸੰਨ ੯੨੭ ਹਿਜਰੀ ਮੁਤਾਬਿਕ ਸੰਮਤ ੧੫੬੯ ਬਿ: (ਸੰਨ ੧੫੧੨ ਈ:) ਵਿਚ ਬਣਦੀ ਹੈ । ਇਸ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੱਖਣ ਦੀ ਉਦਾਸੀ ਵਿਚ ਹੀ ਸੰਗਲਾਦੀਪ ਥੀਂ ਹੋ ਕੇ ਸਿੱਧੇ ਮੱਕੇ ਮਦੀਨੇ (ਅਰਬ) ਤੇ ਬਗਦਾਦ (ਇਰਾਕ) ਗਏ ਸਨ, ਤੀਜੀ ਜਾਂ ਚੌਥੀ ਉਦਾਸੀ ਸਮੇਂ ਨਹੀਂ, ਜਿਵੇਂ ਕਿ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਜੀ ਆਦਿ ਕਈ ਲਿਖਾਰੀਆਂ ਨੇ ਕੁਝ ਅਨੁਮਾਨ ਲਗਾਏ ਹਨ ।

ਇਹ ਉਦਾਸੀ, ਜੋ ਦੱਖਣ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ, ਲਗ ਪਗ ਪੰਜ ਸਾਲਾਂ ਵਿਚ ਪੂਰੀ ਹੋਈ ਮੰਨੀ ਜਾਂਦੀ ਹੈ । ਗੁਰੂ ਸਾਹਿਬ ਇਸ ਉਦਾਸੀ ਵਿਚ ਮੁਲਤਾਨ ਦੇ ਰਸਤੇ ਵਾਪਸ ਤਲਵੰਡੀ ਆਏ ਸਨ ।

**ਗੁਰੂ ਸਾਹਿਬ ਦੀ ਤੀਜੀ ਉਦਾਸੀ :**
**ਸੰਮਤ ੧੫੭੪-੧੫੭੬ ਬਿ:**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ, ਜੋ ਉੱਤਰਾ ਖੰਡ ਅਥਵਾ ਹਿਮਾਚਲ ਪ੍ਰਦੇਸ਼ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ । ਇਹ ਉਦਾਸੀ, ਜਿਸ ਤਰ੍ਹਾਂ ਕਿ ਸਿਰਲੇਖ ਤੋਂ ਹੀ ਪ੍ਰਗਟ ਹੈ, ੧੫ ਅਸੂ, ਸੰਮਤ ੧੫੭੪ ਬਿ: ਤੋਂ ਅਖੀਰ ਫੱਗਣ ਸੰਮਤ ੧੫੭੬ ਬਿ: ਤਕ ਲਗਭਗ ਦੋ ਸਾਲ ੫ ਮਹੀਨੇ ਵਿਚ ਸਮਾਪਤ ਹੁੰਦੀ ਹੈ । ਇਸ ਉਦਾਸੀ ਵਿਚ ਗੁਰੂ ਸਾਹਿਬ, ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਤਲਵੰਡੀਓਂ ਕਲਾਨੌਰ, ਗੁਰਦਾਸਪੁਰ, ਦਸੂਹੇ, ਕੋਟਲੇ, ਤਿਲੋਕ ਨਾਥ, ਪਾਲਮਪੁਰ, ਘੁੜੇਰਨ, ਕਾਂਗੜਾ, ਜੁਆਲਾ ਮੁਖੀ, ਮੰਡੀ ਸੁਕੇਤ, ਰਵਾਲਸਰ, ਚੰਬਾ, ਬਿਜਲੀਆ ਮਹਾਦੇਰ (ਕੁਲੂ), ਕਹਿਲੂਰ, ਕੀਰਤਪੁਰ, ਪੰਜੌਰ, ਸਾਰਾ ਤੀਰਥ, ਕਰੋਲ, ਸ਼ਿਮਲਾ, ਸਪਾਟੂ, ਜੌਹੜ, ਸਰ ਤੀਰਥ, ਦੇਹਰਾਦੂਨ (ਗੜ੍ਹਵਾਲ), ਮਨਸੂਰੀ ਚਕਰੌਂਦੇ, ਬਸ਼ਹਿਰ, ਜਮੁਨੋਤਰੀ, ਗੋਮੁਖੀ, ਬਦਰੀਨਾਥ, ਹੇਮਕੁੰਟ ਸਪਤ ਸ੍ਰਿੰਗ ਆਦਿ ਥੀਂ ਹੋ ਕੇ ਹਿਮਾਲੀਆ ਦੀ ਪਰਬਤ ਘਾਟੀ, ਸੁਮੇਰ ਪਰਬਤ ਪਰ ਪਹੁੰਚੇ ਤੇ ਉਥੇ ਗੋਰਖ ਨਾਥ, ਗੋਪੀ ਚੰਦ, ਰਾਜਾ ਭਰਥਰੀ ਨਾਥ, ਚਰਪਟ ਨਾਥ ਆਦਿ ਸਿੱਧਾਂ ਨਾਲ ਗੋਸ਼ਟਿ ਕੀਤੀ ।

ਸਿੱਧ ਅਥਵਾ ਜੋਗੀ, ਜਿਨ੍ਹਾਂ ਨੂੰ ਕੰਨ-ਪਾਟੇ ਹੋਣ ਕਰ ਕੇ ਨਾਥ ਵੀ ਕਿਹਾ ਜਾਂਦਾ ਹੈ, ਦਰ ਅਸਲ ਬੁੱਧ ਧਰਮ ਦੀ ਇਕ ਪਰਮ ਪ੍ਰਸਿੱਧ ਸ਼ਾਖ ਮਹਾਯਾਨ ਸੰਪ੍ਰਦਾਇ ਦੀ ਜੰਮ-ਪਲ ਹਨ । ੧੨ਵੀਂ ੧੩ਵੀਂ ਸਦੀ ਈ: ਵਿਚ ਜਦੋਂ ਮੁਸਲਮਾਨਾਂ ਨੇ ਹਮਲਾ ਕਰ ਕੇ ਬਿਹਾਰ ਦੇ ਬੋਧੀ ਮੱਠ ਢਾਹੇ ਤੇ ਨਾਲੰਦਾ ਯੂਨੀਵਰਸਿਟੀ ਬਰਬਾਦ ਕੀਤੀ ਤਾਂ ਬਹੁਤ ਸਾਰੇ ਬੋਧੀ ਸਾਧੂ ਜੋ ਮਹਾਯਾਨ ਸੰਪ੍ਰਦਾਇ ਨਾਲ ਸਬੰਧ ਰਖਦੇ ਸਨ, ਮੁਸਲਮਾਨਾਂ ਦੇ ਹੱਥੋਂ ਮਾਰੇ ਗਏ ਤੇ ਬਾਕੀ ਬਚੇ-ਖੁਚੇ ਸਾਧੂ, ਉੱਤਰਾਖੰਡ ਦੀਆਂ ਪਰਬਤ ਘਾਟੀਆਂ ਵਿਚ ਜਾ ਲੁਕੇ । ਯੋਗਬਲ ਨਾਲ ਆਪਣੀਆਂ ਉਮਰਾਂ ਚੂੰਕਿ ਉਨ੍ਹਾਂ ਨੇ ਬਹੁਤੀਆਂ ਵਧਾ ਲਈਆਂ ਸਨ, ਇਸ ਲਈ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਉਤਰ ਖੰਡ ਦੀ ਸੈਰ ਕਰਦੇ ਹੋਏ ਸੁਮੇਰ ਪਰਬਤ ਪਰ ਗਏ ਤਾਂ ਉਨ੍ਹਾਂ ਜੋਗੀਆਂ ਨਾਲ ਗੁਰੂ ਜੀ ਦਾ ਮਿਲਾਪ ਹੋਇਆ । ਭਾਈ ਗੁਰਦਾਸ ਨੇ ਇਸ ਮਿਲਾਪ ਬਾਰੇ ਆਪਣੀ ਬਾਣੀ ਵਿਚ ਜ਼ਿਕਰ ਕਰਦਿਆਂ ਇਸੇ ਕਾਰਣ "ਸਿੱਧ ਛਪ ਬੈਠੇ ਪਰਬਤੀਂ ਕਉਣ ਜਗਤ ਕੋ ਪਾਰ ਉਤਾਰਾ ।।" ਨਸੀਹਤ ਰੂਪ ਵਾਕ ਲਿਖਿਆ ਹੈ । ਏਥੇ ਹੀ ਬਸ ਨਹੀਂ, ਸਿੱਧ ਚੂੰਕਿ ਵਾਮ ਮਾਰਗੀਆਂ ਵਾਂਗੂ ਅੰਧਾ ਧੁੰਦ ਮਦ, ਭੰਗ ਆਦਿ ਨਸ਼ਿਆਂ ਦੇ ਆਦੀ ਸਨ, ਇਸ ਲਈ ਗੁਰੂ ਸਾਹਿਬ ਨੇ ਮਦ-ਪਾਨ ਦਾ ਖੰਡਨ ਕਰ ਕੇ ਉਨ੍ਹਾਂ ਦਾ ਇਹ ਅਗਿਆਨ-ਅੰਧੇਰ ਵੀ ਦੂਰ ਕੀਤਾ ਤੇ ਉਨ੍ਹਾਂ ਨੂੰ ਗੁਰਮਤਿ ਦਾ ਸੱਚਾ ਰਾਹ ਦੱਸਿਆ ।

ਸ੍ਰੀ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਥੀਂ ਹੋ ਕੇ ਨੇਪਾਲ, ਮਾਨਸਰੋਵਰ, ਨਾਨਕਿੰਗ (ਚੀਨ) ਤੇ ਸਿੰਘਾਪੁਰ (ਮਲਾਯਾ) ਆਦਿ ਥੀਂ ਹੁੰਦੇ ਹੋਏ ਅੰਦਾਜ਼ਨ ਸੰਮਤ ਸੰਮਤ ੧੫੭੬ ਬਿ: ਵਿਚ ਵਾਪਸ ਦੇਸ਼ ਪਹੁੰਚ ਗਏ ਅਤੇ ਇਹ ਪਹਾੜੀ ਰਸਤਾ, ਜੋ ਬੜਾ ਭਿਆਨਕ ਤੇ ਉੱਚ ਨਿਵਾਣਾਂ ਨਾਲ ਭਰਪੂਰ ਸੀ, ੨ ਸਾਲ ੫ ਮਹੀਨੇ ਦੇ ਏਨੇ ਥੋੜੇ ਸਮੇਂ ਵਿਚ ਤਹਿ ਕਰਨਾ ਇਕ ਅੱਛੀ ਖਾਸੀ ਮਾਅਰਕੇ ਦੀ ਯਾਤਰਾ ਸਾਬਤ ਹੁੰਦੀ ਹੈ ।

**ਗੁਰੂ ਸਾਹਿਬ ਦੀ ਚੌਥੀ ਉਦਾਸੀ :**
**ਸੰਮਤ ੧੫੭੬-੧੫੮੦ ਬਿ:**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਪੱਛਮ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ । ਇਸ ਉਦਾਸੀ ਵਿਚ ਗੁਰੂ ਸਾਹਿਬ ਉੱਚ, ਹੜੱਪਾ, ਕਟਾਸ ਤੀਰਥ (ਜਿਹਲਮ), ਦੇਹਰਜਾਤ ਆਦਿ ਥੀਂ ਹੁੰਦੇ ਹੋਏ ਬਲੋਚਿਸਤਾਨ ਦੇ ਰਸਤੇ ਈਰਾਨ, ਤੁਰਕਿਸਤਾਨ ਤੇ ਰੂਸ ਦੇ ਇਲਾਕਾ ਆਜਰ ਬਾਈਜਾਨ ਤੇ ਉਜਬੇਕਿਸਤਾਨ ਤੱਕ ਪਹੁੰਚੇ ਤੇ ਫੇਰ, ਤਾਸ਼ਕੰਦ, ਕਾਸਕੰਦ, ਹਰਾਤ, ਗਜਨੀ, ਕੰਧਾਰ, ਕਾਬਲ, ਜਲਾਲਾਬਾਦ, ਪਿਸ਼ਾਵਰ ਆਦਿ ਥੀਂ ਹੁੰਦੇ ਹੋਏ ਦਰਿਆ ਅਟਕ ਤੇ ਜਿਹਲਮ ਲੰਘ ਕੇ ਜੋਗੀ ਟਿੱਲਾ ਆਦਿ ਥਾਵਾਂ ਦੇਖ ਕੇ ਦਰਿਆ ਰਾਵੀ ਦੇ ਕੰਢੇ


www.AKJ.Org

ਕਰਤਾਰਪੁਰ ਆ ਬਿਰਾਜੇ। ਏਥੇ ਇਹ ਗੱਲ ਦਸਣੀ ਯੋਗ ਹੈ ਕਿ ਗੁਰੂ ਸਾਹਿਬ ਨੇ ਸੰਮਤ ੧੫੭੯ ਵਿਚ ਮੁਗਲ ਬਾਦਸ਼ਾਹ ਬਾਬਰ ਦੇ ਸੈਦਪੁਰ (ਏਮਦਾਬਾਦ) ਫਤਹਿ ਕਰਨ ਤੋਂ ਲਗਭਗ ਇਕ ਸਾਲ ਪਿਛੋਂ ਆਪਣੀ ਪੱਕੀ ਰਿਹਾਇਸ਼ ਕਰਨ ਦੇ ਖਿਆਲ ਨਾਲ ਰਾਵੀ ਕੰਢੇ ਕਰਤਾਰਪੁਰ ਨਗਰ ਆਬਾਦ ਕਰ ਲਿਆ ਸੀ। ਇਸ ਲਈ ਹੁਣ ਜਦ ਆਪ ਪੱਛਮ ਦੀ ਉਦਾਸੀ ਤੋਂ ਵਾਪਸ ਮੁੜ ਕੇ ਆਏ ਤਾਂ ਤਲਵੰਡੀ ਜਾਣ ਦੀ ਬਜਾਏ ਸਿੱਧੇ ਕਰਤਾਰਪੁਰ ਹੀ ਪਹੁੰਚੇ ਤੇ ਫੇਰ ਸੇਵਾਦਾਰ ਭੇਜ ਕੇ ਤਲਵੰਡੀਓਂ ਮਾਤਾ-ਪਿਤਾ ਸਮੇਤ ਸਾਰੇ ਪਰਵਾਰ ਨੂੰ ਉਥੇ ਹੀ ਬੁਲਾ ਲਿਆ। ਪਰਿਵਾਰ ਦੇ ਲੋਕ ਗੁਰੂ ਜੀ ਦੇ ਹੁਕਮ ਨਾਲ ਰਾਵੀਓਂ ਉਰਾਰ ਪਾਰ ਕਰਤਾਰਪੁਰ ਤੇ ਪੱਖੋਕੇ ਰੰਧਾਵੇ ਆਦਿ ਜਿਥੇ ਵੀ ਸਹੂਲੀਅਤ ਪ੍ਰਾਪਤ ਹੋਈ ਰਹਿਣ ਲੱਗ ਪਏ।

**ਛੇਕੜਲੇ ਸਾਲ ਸੰਮਤ ੧੫੮੨-੧੫੯੬ ਬਿ:**

ਸੰਮਤ ੧੫੮੨ ਤੋਂ ੧੫੯੬ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਲਗਭਗ ੧੪ ਸਾਲ ਕਰਤਾਰ ਪੁਰ ਹੀ ਰਹੇ ਤੇ ਇਥੇ ਹੀ ਸਿੱਖ-ਸੰਗਤਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦੇਂਦੇ ਰਹੇ। ਸਾਹੀਵਾਲ ਵਾਲੀ ਹੱਥ ਲਿਖਤ ਜਨਮ ਸਾਖੀ ਗੁਰੂ ਨਾਨਕ (ਪੈੜਾ ਮੋਖਾ) ਦੇ ਅਨੁਸਾਰ ਸੰਮਤ ੧੫੯੦ ਬਿ: ਦੇ ਦਿਨੀਂ ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਗੁਰੂ ਨਾਨਕ ਜੀ ਦੇ ਦਰਬਾਰ ਵਿਚ ਪਹਿਲੀ ਵੇਰ ਹਾਜ਼ਰ ਹੋਏ। ਪੁਰਾਤਨ ਜਨਮ ਸਾਖੀ ਦੇ ਕਥਨ ਅਨੁਸਾਰ ਗੁਰੂ ਸਾਹਿਬ ਇਕ ਵੇਰ ਕਰਤਾਰਪੁਰੋਂ ਭਾਈ ਲਹਿਣਾ ਜੀ ਸਮੇਤ ਸ਼ਿਵਰਾਤ ਦੇ ਮੇਲੇ ਤੇ ਗਾਲਬਨ ਸੰਮਤ ੧੫੯੩ ਬਿ: ਵਿਚ ਅਚਲ ਵਟਾਲੇ ਸਿੱਧਾਂ ਨੂੰ ਮਿਲਣ ਵਾਸਤੇ ਤੇ ਫੇਰ ਉਥੋਂ ਸੂਫ਼ੀ ਫਕੀਰਾਂ ਦੇ ਮੇਲੇ ਦਾ ਪਤਾ ਲੱਗਣ ਤੇ ਮੁਲਤਾਨ ਗਏ। ਇਸੇ ਦੌਰਾਨ ਵਿਚ ਪੁਰਾਤਨ ਜਨਮ ਸਾਖੀ ਦੇ ਕਥਨ ਅਨੁਸਾਰ ਗੁਰੂ ਜੀ ਵਲੋਂ ਹਟੜੀ (ਪਿਸ਼ਾਵਰ) ਦੀ ਇਕ ਹੋਰ ਪੰਜਵੀਂ ਉਦਾਸੀ ਵੀ ਸ਼ਾਮਲ ਹੈ।

ਉਹ ਉਦਾਸੀ, ਜੋ ਗੁਰੂ ਜੀ ਦੀ ਚੌਥੀ ਪੱਛਮ ਦੀ ਉਦਾਸੀ ਦਾ ਹੀ ਇਕ ਅੰਗ ਹੈ, ਐਵੇਂ ਵੱਖਰਾ ਸਿਰਲੇਖ ਦੇ ਕੇ ਪੰਜਵੀਂ ਉਦਾਸੀ ਬਣਾ ਦਿੱਤੀ ਗਈ ਹੈ। ਇਸੇ ਤਰ੍ਹਾਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਹਥ ਲਿਖਿਤ ਜਨਮ ਸਾਖੀ ਨੰ: ੧੯੪ ਦੇ ਅਨੁਸਾਰ ਗੁਰੂ ਨਾਨਕ ਜੀ ਦੀਆਂ ਦੋ ਉਦਾਸੀਆਂ ਹੋਰ ਛੇਵੀਂ ਤੇ ਸੱਤਵੀਂ ਦਾ ਵੀ ਪਤਾ ਲਗਦਾ ਹੈ, ਪਰ ਉਹ ਉਦਾਸੀਆਂ ਵੀ ਪੰਜਵੀਂ ਉਦਾਸੀ ਵਾਂਗੂ ਹੀ ਸਮਝ ਲੈਣੀਆਂ ਯੋਗ ਹਨ। ਦਰ ਅਸਲ, ਜਿਵੇਂ ਕਿ ਭਾਈ ਪੈੜੇ ਮੋਖੇ ਵਾਲੀ ਜਨਮ ਸਾਖੀ ਦਾ ਕਥਨ ਹੈ, ਗੁਰੂ ਜੀ ਦੀਆਂ ਚਾਰ ਉਦਾਸੀਆਂ ਹੀ ਠੀਕ ਤੇ ਸਹੀ ਹਨ, ਤੇ ਉਨ੍ਹਾਂ ਦੇ ਹੋਰ ਨਿੱਕੇ-ਮੋਟੇ ਸਫਰ ਇਨ੍ਹਾਂ ਉਦਾਸੀਆਂ ਵਿਚ ਹੀ ਆ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਉਦਾਸੀਆਂ ਤੋਂ ਬਾਅਦ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਲਗਭਗ ੧੪ ਸਾਲ, ਸੰਮਤ ੧੫੮੨ ਤੋਂ ਸੰਮਤ ੧੫੯੬ ਬਿ: ਤਕ ਦਰਿਆ ਰਾਵੀ ਦੇ ਕੰਢੇ ਆਪਣੇ ਨਵੇਂ ਵਸਾਏ ਨਗਰ ਕਰਤਾਰਪੁਰ ਵਿਚ ਹੀ ਲਗਾਤਾਰ ਨਿਵਾਸ ਰਖ ਕੇ ਸਤਿਸੰਗ ਤੇ ਨਾਮ- ਬਾਣੀ ਦਾ ਇਕ ਰਸ ਪ੍ਰਵਾਹ ਚਲਾਉਂਦੇ ਰਹੇ। ਆਖਰ ਅੱਸੂ ਸੁਦੀ ੧੦ ਸੰਮਤ ੧੫੯੬ ਬਿ: ਨੂੰ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ ਇਸੇ ਸਥਾਨ ਕਰਤਾਰਪੁਰ ਵਿਖੇ ਹੀ ਜੋਤੀ ਜੋਤ ਸਮਾ ਗਏ।

## ਨੂਰੀ ਬੰਦੇ

ਸਤਿਗੁਰੂ ਜੀ ਤਾਂ ਜਿੱਥੇ ਵੀ ਕੋਈ ਪ੍ਰੇਮੀ ਯਾਦ ਕਰਦਾ ਹੈ, ਅੱਖ ਦੇ ਫੋਰ ਵਿੱਚ ਉਥੇ ਪਹੁੰਚ ਜਾਂਦੇ ਹਨ, ਖਾਕੀ (ਮਿੱਟੀ ਦੇ) ਬੰਦਿਆਂ ਨੂੰ ਤਾਂ ਪੈਂਡਾ ਤੈ ਕਰਨ ਵਿੱਚ ਕਈ ਕਿਸਮ ਦੀਆਂ ਕਠਨਾਈਆਂ ਆਉਂਦੀਆਂ ਹਨ ਅਤੇ ਸਮਾਂ ਲਗਦਾ ਹੈ ਪਰ ਨੂਰੀ ਬੰਦੇ ਤਾਂ ਝੱਟ ਦੀ ਪੱਟਕ, ਕਿਤੇ ਦੀ ਕਿਤੇ ਅੱਪੜ ਜਾਂਦੇ ਹਨ।

ਨਾਮ ਬਾਣੀ ਦਾ ਸਦਕਾ ਜਿਨ੍ਹਾਂ ਗੁਰਮੁਖ ਪਿਆਰਿਆਂ ਦੇ ਕਪਾਟ ਖੁੱਲ੍ਹ ਜਾਂਦੇ ਹਨ, ਉਨ੍ਹਾਂ ਨੂੰ ਨੂਰੀ ਬੰਦੇ ਸਾਫ ਦਿਖਾਈ ਦੇਣ ਲੱਗ ਪੈਂਦੇ ਹਨ, ਆਮ ਖਾਕੀ ਬੰਦਿਆਂ ਵਾਂਗ ਹੀ ਬੋਲਦੇ ਚੱਲਦੇ, ਨੱਠੇ ਭੱਜਦੇ, ਕੰਮ ਕਾਰ ਕਰਦੇ ਨਜ਼ਰ ਆਉਂਦੇ ਹਨ। ਜਿੱਥੇ ਕਿਤੇ ਵੀ ਕਿਸੇ ਪ੍ਰੇਮੀਦੇ ਦਿਲੋਂ ਹੂਕ ਉਠਦੀ ਹੈ, ਗੁਰੂ ਦੀ ਬਾਣੀ ਨੂੰ ਪ੍ਰੇਮੀ ਸਤਿਕਾਰ ਨਾਲ ਪੜ੍ਹਦਾ, ਸੁਣਦਾ, ਗਾਉਂਦਾ, ਪਿਆਰੇ ਪ੍ਰੀਤਮ ਨੂੰ ਯਾਦ ਕਰਦਾ ਹੈ, ਸਤਿਗੁਰੂ ਜੀ ਆਪਣੇ ਬਿਰਦ ਬਾਣੇ ਦੀ ਲਾਜ ਰੱਖਦੇ ਹੋਏ ਆਣ ਦੀਦਾਰੇ ਦਿੰਦੇ ਹਨ।

ਜਿੱਥੇ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਹੈ ਉਥੇ ਸ਼ਹੀਦ ਸਿੰਘਾਂ ਦਾ ਪਹਿਰਾ ਹੈ ਅਤੇ ਗੁਰੂ ਸਾਹਿਬਾਨ ਤੇ ਹੋਰ ਗੁਰਮੁਖ ਪਿਆਰਿਆਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ, ਜਿਹੜੇ ਅਕਾਲ ਪੁਰਖ (੧ਓ) ਦੀ ਜੋਤਿ ਨਾਲ ਮਿਲ ਕੇ ਜੋਤਿ ਸਰੂਪ ਹੋ ਗਏ ਹਨ। ਅਜਿਹੇ ਨੂਰੀ ਬੰਦੇ ਨੂਰ (ਜੋਤਿ/ਪ੍ਰਕਾਸ਼) ਵਿਚੋਂ ਆਉਂਦੇ ਹਨ, ਮੀਂਹ ਵਾਂਗ ਦੁਨੀਆਂ ਨੂੰ ਤ੍ਰਿਪਤ ਕਰਕੇ ਨੂਰ (ਜੋਤਿ) ਵਿੱਚ ਹੀ ਜਾ ਮਿਲਦੇ ਹਨ।

(ਅਲੌਕਿਕ ਝਲਕਾਂ ਵਿਚੋਂ)


www.AKJ.Org

# ਸਤਿਗੁਰ ਨਾਨਕ ਪ੍ਰਗਟਿਆ

## ਸਤਿਗੁਰੁ

ਸੋ ਸਤਿਗੁਰੁ ਧਨੁ ਧੰਨੁ, ਜਿਨਿ ਭਰਮ ਗੜੁ ਤੋੜਿਆ ।। ਸੋ ਸਤਿਗੁਰੁ ਵਾਹੁ ਵਾਹੁ, ਜਿਨਿ ਹਰਿ ਸਿਉ ਜੋੜਿਆ ।।
ਨਾਮੁ ਨਿਧਾਨੁ ਅਖੁਟ, ਗੁਰੁ ਦੇਇ ਦਾਰੂਓ ।। ਮਹਾ ਰੋਗੁ ਬਿਕਰਾਲ, ਤਿਨੈ ਬਿਦਾਰੂਓ ।।
ਪਾਇਆ ਨਾਮੁਨਿਧਾਨੁ, ਬਹੁਤੁ ਖਜਾਨਿਆ ।। ਜਿਤਾ ਜਨਮੁ ਅਪਾਰ, ਆਪੁ ਪਛਾਨਿਆ ।।
ਮਹਿਮਾ ਕਹੀ ਨ ਜਾਇ, ਗੁਰ ਸਮਰਥ ਦੇਵ ।। ਗੁਰ ਪਾਰਬ੍ਰਹਮ ਪਰਮੇਸੁਰ, ਅਪਰੰਪਰ ਅਲਖ ਅਭੇਵ ।।੧੯।।

(ਪੰਨਾ-੫੨੨)

## ਸਤਿਗੁਰ ਕੀ ਸੇਵਾ ਚਾਕਰੀ

ਸਤਿਗੁਰ ਕੀ ਸੇਵਾ ਚਾਕਰੀ, ਸੁਖੀ ਹੂੰ ਸੁਖ ਸਾਰ ।।
ਐਥੈ ਮਿਲਨਿ ਵਡਿਆਈਆ, ਦਰਗਹ ਮੋਖ ਦੁਆਰੁ ।।
ਸਚੀ ਕਾਰ ਕਮਾਵਣੀ, ਸਚੁ ਪੈਨਣੁ ਸਚੁ ਨਾਮੁ ਅਧਾਰੁ ।।
ਸਚੀ ਸੰਗਤਿ ਸਚਿ ਮਿਲੈ, ਸਚੈ ਨਾਇ ਪਿਆਰੁ ।।
ਸਚੈ ਸਬਦਿ ਹਰਖੁ ਸਦਾ, ਦਰਿ ਸਚੈ ਸਚਿਆਰੁ ।।
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ
ਜਿਸ ਨੋ ਨਦਰਿ ਕਰੈ ਕਰਤਾਰੁ ।।੧।। (ਸਲੋਕ ਮ: ੩)

## ਹੋਰ ਵਿਡਾਣੀ ਚਾਕਰੀ

ਹੋਰ ਵਿਡਾਣੀ ਚਾਕਰੀ, ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ।।
ਅੰਮ੍ਰਿਤੁ ਛੋਡਿ ਬਿਖੁ ਲਗੇ, ਬਿਖੁ ਖਟਣਾ ਬਿਖੁ ਰਾਸਿ ।।
ਬਿਖੁ ਖਾਣਾ ਬਿਖੁ ਪੈਨਣਾ, ਬਿਖੁ ਕੇ ਮੁਖਿ ਗਿਰਾਸ ।।
ਐਥੈ ਦੁਖੋ ਦੁਖੁ ਕਮਾਵਣਾ, ਮੁਇਆ ਨਰਕਿ ਨਿਵਾਸੁ ।।
ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ, ਕਾਮ ਕਰੋਧਿ ਵਿਣਾਸੁ ।।
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ।।
ਜਮਪੁਰਿ ਬਧੇ ਮਾਰੀਅਹਿ ਕੋ ਨ ਸੁਣੈ ਅਰਦਾਸਿ ।।
ਨਾਨਕ ਪੂਰਬਿ ਲਿਖਿਆ ਕਮਾਵਣਾ, ਗੁਰਮੁਖਿ ਨਾਮਿ ਨਿਵਾਸੁ ।।੨।। (ਮ: ੩)

## ਸੋ ਸਤਿਗੁਰੁ ਕਹਹੁ ਸਭ ਧੰਨੁ ਧੰਨੁ

ਪਉੜੀ ।। ਸੋ ਸਤਿਗੁਰੁ ਸੇਵਿਹੁ ਸਾਧ ਜਨੁ, ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ।।
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ, ਜਿਨਿ ਜਗੰਨਾਥੁ ਜਗਦੀਸੁ ਜਪਾਇਆ ।।
ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ, ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ।।
ਤਿਸੁ ਸਤਿਗੁਰ ਕੀ ਸਭ ਪਗੀ ਪਵਹੁ, ਜਿਨਿ ਮੋਹ ਅੰਧੇਰੁ ਚੁਕਾਇਆ ।।
ਸੋ ਸਤਿਗੁਰੁ ਕਹਹੁ ਸਭ ਧੰਨੁ ਧੰਨੁ, ਜਿਨਿ ਹਰਿ ਭਗਤਿ ਭੰਡਾਰ ਲਹਾਇਆ ।।੩।।

(ਵਡਹੰਸ ਕੀ ਵਾਰ, ਮ: ੪, ਪੰਨਾ-੫੮੬)

---

# ਨਾਨਕ ਆਇਆ, ਨਾਨਕ ਆਇਆ

(ਡਾ: ਹਰਦਿਆਲ ਸਿੰਘ, ਕੈਨੇਡਾ)

ਇਕ ਦੇਖ ਕੇ ਇਕ ਧਿਆਇਆ ।
ਧੁਰੋਂ ਹੀ ੧ਓ ਲਿਆਇਆ ।
ਇਕ ਨੇ ਸਭ ਸੰਸਾਰ ਰਚਾਇਆ ।
ਆਪ ਸਭ ਹੀ ਵਿੱਚ ਸਮਾਇਆ ।
ਇਹ ਗਿਆਨ ਸਭ ਨੂੰ ਸਮਝਾਇਆ ।
ਨਾਨਕ ਆਇਆ ਨਾਨਕ ਆਇਆ ।

ਆਖੇ ਸਭ ਕਿਛ ਸੱਚੋ ਸੱਚ ।
ਆਦਿ ਵੀ ਸੱਚ ਜੁਗਾਦਿ ਵੀ ਸੱਚ ।
ਹੈ ਭੀ ਸੱਚ ਤੇ ਹੋਸੀ ਭੀ ਸੱਚ ।
ਸੱਚ ਮਿਲਣਾ ਤਾਂ ਸਿਮਰੋ ਸੱਚ ।
ਇਹ ਗਿਆਨ ਸਭ ਨੂੰ ਸਮਝਾਇਆ ।
ਨਾਨਕ ਆਇਆ, ਨਾਨਕ ਆਇਆ ।

ਧੁਰ ਕੀ ਬਾਣੀ ਕਹੀ ਜਿਸ ਜੱਪ ।
ਲੱਖ ਸਿਆਣਪ ਕਰੇ ਨ ਕੱਖ ।
ਕਰੇ ਨਿਸਤਾਰਾ ਕੂੜ ਤੇ ਸੱਚ ।
ਕੂੜ ਡੁਬੋਦੇ ਤਾਰੇ ਸੱਚ ।
ਇਹ ਗਿਆਨ ਸਭ ਨੂੰ ਸਮਝਾਇਆ ।
ਨਾਨਕ ਆਇਆ, ਨਾਨਕ ਆਇਆ ।

ਸਾਰੇ ਜੀਆਂ ਦਾ ਇਕ ਦਾਤਾ ।
ਲੈਂਦੇ ਥੱਕਦੇ ਦਿੰਦਾ ਦਾਤਾ ।
ਨਾਮ ਸਿਮਰ ਫਿਰ ਦੂਰ ਨ ਜਾਤਾ ।
ਐਥੇ ਵੀ ਦਾਤਾ ਓਥੈ ਵੀ ਦਾਤਾ ।
ਇਹ ਗਿਆਨ ਸਭ ਨੂੰ ਸਮਝਾਇਆ ।
ਨਾਨਕ ਆਇਆ, ਨਾਨਕ ਆਇਆ

ਇਕ ਇੱਕਲਾ ਦੋਹੀਂ ਸੰਗਤਿ ।
ਸੰਗਤਿ ਦੇ ਨਾਲ ਜੋੜੀ ਪੰਗਤਿ ।
ਨਾਮ ਜਪੋ ਨਾਮੋ ਹੀ ਰੰਗਤਿ ।
ਨਾਮ ਦਾਨ ਦੀ ਮੰਗੋ ਮੰਗਤਿ ।
ਇਹ ਗਿਆਨ ਸਭ ਨੂੰ ਸਮਝਾਇਆ ।
ਨਾਨਕ ਆਇਆ ਨਾਨਕ ਆਇਆ ।

ਦੇਹ ਹੈ ਕੂੜੀ ਜੋਤ ਹੈ ਸੱਚ ।
ਦੁਨੀਆਂਦਾਰੀ ਦੁਨੀਆਂ ਮੱਤ ।
ਲੋਕਾਚਾਰੀ ਹੈ ਮਨ ਦੀ ਮੱਤ ।
ਸਭ ਤੋਂ ਉੱਚੀ ਸੁੱਚੀ ਗੁਰਮਤਿ ।
ਇਹ ਗਿਆਨ ਸਭ ਨੂੰ ਦ੍ਰਿੜਾਇਆ ।
ਨਾਨਕ ਆਇਆ, ਨਾਨਕ ਆਇਆ



www.AKJ.Org

# ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ

(ਪੰਨਾ-੩੦੪)

ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ (ਸਤਿ ਸਰੂਪ) ਹੋਣ ਕਾਰਨ ਇਸ ਨੂੰ ਨਿਰੰਕਾਰ ਦਾ ਦਰਜਾ ਪ੍ਰਾਪਤ ਹੈ, ਇਸ ਦੇ ਤੁਲ ਕਿਸੇ ਕੱਚੇ ਪਿੱਲੇ ਮਨੁੱਖ ਦੀ ਕਵਿਤਾ ਨਹੀਂ ਹੋ ਸਕਦੀ–

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸੁ ਜੇਵਡੁ ਅਵਰੁ ਨ ਕੋਇ ॥** (ਪੰਨਾ–੫੧੫)

ਨਿਰੰਕਾਰ ਦੀ ਬਰਾਬਰੀ ਕੌਣ ਕਰ ਸਕਦਾ ਹੈ ? ਗੁਰਸਿੱਖਾਂ ਵਾਸਤੇ "ਬਾਣੀ ਗੁਰੂ, ਗੁਰੂ ਹੈ ਬਾਣੀ" ਅਨੁਸਾਰ ਬਾਣੀ ਗੁਰੂ ਹੈ, ਸਤਿ-ਗੁਰੂ ਹੈ, ਸਤਿ-ਗੁਰੂ ਹੀ ਗੋਬਿੰਦ ਹੈ, ਗੋਬਿੰਦ (ਨਿਰੰਕਾਰ) ਤੇ ਗੁਰੂ ਵਿਚ ਕੋਈ ਅੰਤਰ ਨਹੀਂ–

**ਗੁਰ ਗੋਵਿੰਦੁ, ਗੋੁਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ ॥੪॥੭॥੮॥** (ਪੰਨਾ–੪੪੨)

ਗੁਰੂ ਕੀ ਬਾਣੀ (ਗੁਰਬਾਣੀ) ਸਤਿਗੁਰੂ ਦੇ ਅੰਮ੍ਰਿਤ ਬਚਨ ਹਨ। ਜਿਹੜਾ ਇਸ ਨੂੰ ਪ੍ਰੇਮ ਸਹਿਤ ਪੜ੍ਹਦਾ ਗਾਉਂਦਾ ਹੈ ਉਹ ਆਪਣੇ ਮੁੱਖ ਵਿੱਚ ਅੰਮ੍ਰਿਤ ਪਾਉਂਦਾ ਹੈ ਜਿਸ ਦੇ ਭੁੰਚਨ ਨਾਲ ਦੁਖ ਰੋਗ ਸੰਤਾਪ ਦੂਰ ਹੋ ਜਾਂਦੇ ਹਨ ਅਤੇ ਮਾਇਆ ਦੇ ਬੰਧਨਾਂ ਤੋਂ ਖਲਾਸੀ (ਮੁਕਤੀ) ਹੋ ਜਾਂਦੀ ਹੈ।

**-- ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ**
**ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥** (ਪੰਨਾ–੪੯੪)

**-- ਗੁਰ ਕੀ ਬਾਣੀ ਜਿਸੁ ਮਨਿ ਵਸੈ ॥**
**ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥**
(ਪੰਨਾ-੧੩੩੯-੪੦)

**--- ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**
(ਪੰਨਾ-੯੨੨)

**-- ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥**
**ਜਿਨਿ ਪੀਤੀ ਤਿਸੁ ਮੋਖੁ ਦੁਆਰ॥੫॥** (ਪੰਨਾ-੧੨੭੫)

**-- ਬਾਣੀ ਗੁਰਬਾਣੀ ਲਾਗੇ,**
**ਤਿਨ ਹਥਿ ਚੜਿਆ ਰਾਮ ॥** (ਪੰਨਾ–੪੪੨)

ਜਿਸ ਬਾਣੀ ਦੇ ਪੜ੍ਹਨ, ਸੁਣਨ, ਗਾਉਣ ਤੇ ਵਿਚਾਰਨ ਨਾਲ ਪ੍ਰਭੂ ਨਾਲ ਪ੍ਰੀਤ ਪੈ ਜਾਂਦੀ ਹੈ, ਉਸ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਏ, ਥੋਹੜਾ ਹੈ। ਤਾਂ ਤੇ ਸਾਨੂੰ ਗੁਰਬਾਣੀ ਦੇ ਗੁਟਕਿਆਂ ਤੇ ਪੋਥੀਆਂ ਦੀ ਯੋਗ ਸੰਭਾਲ ਕਰਨੀ ਚਾਹੀਦੀ ਹੈ। ਇਸ ਸੰਬੰਧ ਵਿੱਚ ਆਓ ਅਸੀਂ ਹੇਠ ਲਿਖੀਆਂ ਗੱਲਾਂ ਵਲ ਧਿਆਨ ਦੇਈਏ–

੧) ਗੁਰਬਾਣੀ ਦੇ ਗੁਟਕਿਆਂ ਅਤੇ ਪੋਥੀਆਂ ਨੂੰ ਸਾਫ ਸੁਥਰੇ ਰੁਮਾਲਾਂ ਵਿੱਚ ਲਪੇਟ ਕੇ ਸਾਫ ਸੁਥਰੀ ਉੱਚੀ ਥਾਂ ਤੇ ਰੱਖੀਏ ਜਿੱਥੇ ਮਿੱਟੀ ਘੱਟਾ ਨਾ ਪਵੇ ਅਤੇ ਬੱਚੇ ਜੂਠੇ ਮਿੱਠੇ ਹੱਥ ਨਾ ਲਾ ਸਕਣ।

੨) ਗੁਰਬਾਣੀ ਦੇ ਗੁਟਕਿਆਂ ਤੇ ਪੋਥੀਆਂ ਨੂੰ ਵਰਤਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਫ ਕਰ ਲਏ ਜਾਣ ਤਾਂ ਜੋ ਹੱਥਾਂ ਨੂੰ ਲੱਗੀ ਮੈਲ ਅਤੇ ਥੰਧਿਆਈ ਕਾਰਨ ਪੱਤਰੇ ਖਰਾਬ ਨਾ ਹੋ ਜਾਣ।

੩) ਪ੍ਰਸ਼ਾਦ ਛਕਣ ਤੋਂ ਬਾਅਦ ਹੱਥ ਸਾਬਣ ਲਾ ਕੇ ਧੋਣ ਉਪ੍ਰੰਤ ਸਾਫ ਸੁਥਰੇ ਤੌਲੀਏ ਨਾਲ ਪੂੰਝ ਲਏ ਜਾਣ। ਥਿੰਦੇ ਜਾਂ ਗਿੱਲੇ ਹੱਥ ਗੁਟਕਿਆਂ ਜਾਂ ਪੋਥੀਆਂ ਨੂੰ ਨਾ ਲਾਏ ਜਾਣ।

੪) ਪਾਠ ਕਰਨ ਜਾਂ ਸ਼ਬਦ ਪੜ੍ਹਨ ਸਮੇਂ ਗਲ ਵਿੱਚ ਹਜ਼ੂਰੀਆ (ਪਰਨਾ) ਪਾ ਕੇ ਰੱਖਿਆ ਜਾਏ ਤਾਂ ਜੋ ਬਾਣੀ ਪੜ੍ਹਦਿਆਂ ਖੰਘ ਜਾਂ ਹੁੱਥੂ ਆਣ ਤੇ ਮੂੰਹ ਵਿਚੋਂ ਨਿਕਲੇ ਥੁੱਕ ਦੇ ਛਿੱਟੇ ਗੁਟਕਿਆਂ ਤੇ ਪੋਥੀਆਂ ਉਤੇ ਡਿੱਗਣ ਤੋਂ ਰੋਕੇ ਜਾ ਸਕਣ। ਥੁੱਕ ਦਾ ਗੁਰਬਾਣੀ ਦੇ ਪੰਨਿਆਂ ਤੇ ਡਿੱਗਣਾ ਸਤਿਗੁਰੂ ਦੇ ਮੁਖ ਤੇ ਥੁੱਕਣ ਤੁੱਲ ਹੈ। ਇਸ ਅੱਵਗਿਆ ਤੋਂ ਬਚਿਆ ਜਾਏ।

੫) ਗੁਰਬਾਣੀ ਦੇ ਪੰਨਿਆਂ ਨੂੰ ਉਲਟਾਣ ਸਮੇਂ ਉਂਗਲੀਆਂ ਨੂੰ ਮੂੰਹ ਵਿੱਚ ਪਾ ਕੇ ਥੁੱਕ ਨਾਲ ਗਿੱਲੀਆਂ ਨਾਂ ਕੀਤਾ ਜਾਏ। ਇਹ ਕਿਰਿਆ ਵੀ ਸਤਿਗੁਰੂ ਦੇ ਮੂੰਹ ਤੇ ਥੁੱਕ ਮਲਣ ਬਰਾਬਰ ਹੈ।

੬) ਗੁਰਬਾਣੀ ਲਿਖਤ ਪੁਸਤਕਾਂ ਅਤੇ ਰਸਾਲਿਆਂ ਨੂੰ ਰੱਦੀ ਵਿੱਚ ਨਾ ਵੇਚਿਆ ਜਾਇ ਕਿਉਂ ਜੋ ਉਨ੍ਹਾਂ ਦੇ ਕਾਗਜ਼, ਲਿਫਾਫੇ ਆਦਿ ਬਨਾਉਣ ਲਈ ਵਰਤੇ ਜਾਂਦੇ ਹਨ ਜਿਹੜੇ ਵਰਤੋਂ ਵਿੱਚ ਲਿਆਉਣ ਤੋਂ ਬਾਅਦ ਕੂੜੇ ਵਿੱਚ ਸੁੱਟ ਦਿੱਤੇ ਜਾਂਦੇ ਹਨ। ਜੇ ਅਜੇਹਾ ਸਾਹਿਤ ਤੁਹਾਡੀ ਵਰਤੋਂ ਵਿੱਚ ਨਾਂ ਆਉਂਦਾ ਹੋਵੇ ਤਾਂ ਕਿਸੇ ਲੋੜਵੰਦ ਨੂੰ ਪੜ੍ਹਨ ਵਾਸਤੇ ਦੇ ਦਿੱਤਾ ਜਾਵੇ।

੭) ਗੁਰਬਾਣੀ ਲਿਖਤ ਪੰਨੇ, ਕਾਰਡ, ਪੈਰਾਂ ਥੱਲੇ ਨਾ ਰੋਲੇ ਜਾਣ ਅਤੇ ਨਾ ਹੀ ਰੱਦੀ ਦੀਆਂ ਟੋਕਰੀਆਂ ਜਾਂ ਗੰਦਗੀ ਦੇ ਟੀਨਾਂ ਜਾਂ ਕੂੜੇ ਕਰਕਟ ਦੇ ਢੇਰਾਂ ਵਿੱਚ ਸੁੱਟੇ ਜਾਣ। ਬੇਲੋੜੇ ਗੁਰਬਾਣੀ ਲਿਖਤ ਕਾਗਜ਼ ਅਤੇ ਕਾਰਡ ਆਦਿ ਸਾਫ ਸੁਥਰੀ ਥਾਂ ਤੇ ਰੱਖ ਕੇ ਸਸਕਾਰ ਕਰ ਦਿਤੇ ਜਾਣ ਅਤੇ ਇਨ੍ਹਾਂ ਦੀ ਰਾਖ ਚਲਦੇ ਪਾਣੀ ਵਿੱਚ ਜਲ-ਪ੍ਰਵਾਹ ਕਰ ਦਿੱਤੀ ਜਾਏ।

੮) ਗੁਰਬਾਣੀ ਦਾ ਸਤਿਕਾਰ, ਸਤਿਗੁਰੂ ਦਾ ਸਤਿਕਾਰ ਹੈ। ਇਸ ਗੱਲ ਨੂੰ ਮੁਖ ਰੱਖਦਿਆਂ ਸਾਨੂੰ ਗੁਰਬਾਣੀ ਦੇ ਗੁਟਕਿਆਂ ਅਤੇ ਪੋਥੀਆਂ ਦੀ ਵਰਤੋਂ ਬੜੀ ਭੈ ਭਾਵਨੀ ਨਾਲ ਕਰਨੀ ਚਾਹੀਦੀ ਹੈ। ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ

**"ਬਾਣੀ ਗੁਰੂ, ਗੁਰੂ ਹੈ ਬਾਣੀ ।"**



www.AKJ.Org

# ਲਾਖ ਕਰੋਰੀ ਬੰਧੁ ਨ ਪਰੈ

(ਮਾਲਿਕ ਸਿੰਘ, ਮੋਹਾਲੀ)

"ਧੁਰ ਕੀ ਬਾਣੀ ਆਈ" ਜਾਂ "ਸਚ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸੱਚ ਕੀ ਬੇਲਾ" ਅਥਵਾ "ਖਸਮ ਕੀ ਬਾਣੀ" ਇਸ ਧੁਰ ਦਰਗਾਹੀ ਬਾਣੀ ਦੀਆਂ ਲਗਾਂ - ਮਾਤ੍ਰਾਂ ਵੀ ਇਲਾਹੀ ਨਿਯਮਾਂ ਮੁਤਾਬਕ ਸ਼ਬਦਾਂ ਨਾਲ ਪਰੋਈਆਂ ਹੋਈਆਂ ਹਨ ਜੋ ਗੁਰਬਾਣੀ ਦੇ ਅਰਥ ਭੇਦ ਨੂੰ ਸਪਸ਼ਟ ਕਰ ਦੇਂਦੀਆਂ ਹਨ। ਸ਼ਬਦਾਂ ਦਾ ਤੱਤ ਸਾਰ ਇਹਨਾਂ ਵਿਚ ਲੁਕਿਆ ਛਿਪਿਆ ਪਿਆ ਹੈ। ਇਹ ਲਗਾਂ ਮਾਤ੍ਰਾਂ ਹੀ ਸ਼ਬਦ ਦੇ ਅਰਥ ਸਮਝਾਉਣ ਪ੍ਰਗਟਾਉਣ ਦਾ ਅਮੋਲ ਗੁੱਝਾ ਖਜਾਨਾ ਆਪਣੇ ਆਪ ਵਿਚ ਸਮੇਟੀਆਂ ਹੋਈਆਂ ਹਨ। ਗੁਰਬਾਣੀ ਵਿਚ ਇਹ ਭੀ ਇਕ ਵੱਡੀ ਵਿੱਲਖਣਤਾ ਹੈ ਕਿ ਗੁਰਬਾਣੀ ਦੀਆਂ ਪੰਕਤੀਆਂ ਦੇ ਅਰਥ ਕਈ ਤਰੀਕੇ ਨਾਲ ਕਿਧਰੇ ਨਾ ਕਿਧਰੇ ਖੋਲ੍ਹ ਦਿਤੇ ਗਏ ਹਨ। ਕੇਵਲ ਧਿਆਨ ਦੇਣ ਤੇ ਵਿਚਾਰਨ ਦੀ ਲੋੜ ਹੈ।

ਉਪਰੋਕਤ ਪੰਕਤੀ "ਲਾਖ ਕਰੋਰੀ ਬੰਧੁ ਨ ਪਰੈ" ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ ਦੇ ਦੂਜੇ ਪਦੇ ਦੀ ਤੀਜੀ ਪੰਕਤੀ ਹੈ। ਇਸ ਪੰਕਤੀ ਵਿਚ ਆਏ ਬੰਧੁ ਅਤੇ ਨ (ਨੰਨੇ) ਅੱਖਰਾਂ ਨੂੰ ਕਈ ਪ੍ਰੇਮੀ ਜੁੜਤ ਇਕ ਸ਼ਬਦ ਉਚਾਰਨ ਕਰਕੇ ਇਸ ਪੰਕਤੀ ਦੇ ਗਲਤ ਅਰਥ ਕਰ ਜਾਂਦੇ ਹਨ। ਉਹ ਪ੍ਰੇਮੀ ਜਨ 'ਧ' ਥੱਲੇ ਔਂਕੜ ਉਚਾਰਨ ਹੀ ਨਹੀਂ ਕਰਦੇ ਤੇ ਬੰਧੁ ਨ ਪਾਠ ਨੂੰ ਬੰਧਨ ਪੜ੍ਹ ਜਾਂਦੇ ਹਨ। ਇਹਨਾਂ ਪਦਾਂ ਦਾ ਬੰਧੁ ਅਤੇ ਨ (ਨੰਨੇ) ਅੱਲਗ - ਅੱਲਗ ਉਚਾਰਨ ਕਰਨਾ ਹੀ ਠੀਕ ਪਾਠ ਹੈ। ਇਸ ਦੀ ਪ੍ਰੋੜ੍ਹਤਾ ਲਈ ਕੁਝ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦਾ ਨਿਮਾਣਾ ਜੇਹਾ ਗੁਰੂ ਬਖਸ਼ਸ਼ ਦਾ ਸਦਕਾ, ਜਤਨ ਥੱਲੇ ਕੀਤਾ ਜਾ ਰਿਹਾ ਹੈ।

**੧. ਸਬਦ ਜੋੜ ਉਚਾਰਨ ਨਿਯਮ:-**

ਗੁਰਬਾਣੀ ਦੇ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਨ ਵਿਚਾਰਨ ਤੇ ਇਹ ਨਿਯਮ ਲੱਭ ਪੈਂਦਾ ਹੈ ਕਿ ਸਰਬੱਤ ਗੁਰਬਾਣੀ ਜਿਥੇ ਭੀ ਤਿੰਨ ਜਾਂ ਤਿੰਨ ਤੋਂ ਜਿਆਦਾ ਨਾਲ ਜੁੜਤ ਇਕ ਸਬਦ ਆਉਂਦਾ ਹੈ ਅਤੇ ਵਿਚਕਾਰਲੇ ਕਿਸੇ ਅੱਖਰ ਥੱਲੇ ਭੀ ਔਂਕੜ ਲੱਗੀ ਹੈ ਤਾਂ ਉਸ ਦਾ ਉਚਾਰਨ ਕਰਨਾ ਲਾਜ਼ਮੀ ਹੈ ਤਾਂ ਹੀ ਉਸ ਪਦ ਦੇ ਅਰਥ ਸਪਸ਼ਟ ਅਤੇ ਠੀਕ ਨਿਕਲ ਸਕਦੇ ਹਨ।

ਉਦਾਹਰਨ ਲਈ ਜਿਵੇਂ ਅਮੁਲ ਅਤੇ ਅਮਲ ਵਿੱਚ ਕੇਵਲ ਮੱਮੇ ਥੱਲੇ ਔਂਕੜ ਦਾ ਅੰਤਰ ਹੈ ਪਰ ਉਚਾਰਨ ਅਤੇ ਅਰਥ ਬਿਲਕੁਲ ਵੱਖ ਵੱਖ ਬਣਦੇ ਹਨ, ਗੁਰਵਾਕ:-

੧. ਅਮੁਲ ਗੁਣ ਅਮੁਲ ਵਾਪਾਰ॥ (ਜਪੁ)

੨. ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥ (ਪੰਨਾ-੧੩੮੦)

ਹੁਣ ਥੱਲੇ ਗੁਰਬਾਣੀ ਵਿਚੋਂ ਕੁਝ ਪ੍ਰਮਾਣ ਦਿਤੇ ਜਾ ਰਹੇ ਹਨ ਜਿਨ੍ਹਾਂ ਨੂੰ ਪਦਛੇਦ ਅਤੇ ਜੁੜਤ ਰੂਪ ਵਿਚ ਉਚਾਰਨ ਕਰਨ ਨਾਲ ਹੀ ਸਹੀ ਅਰਥ ਬਣ ਸਕਦੇ ਹਨ:-

### ੧. ਰਤਨ ਅਤੇ ਰਤੁਨ

੧. ਰਤਨ - ਜੁੜਤ ਇਕ ਪਦ, ਅਰਥ ਹੈ ਕੀਮਤੀ ਧਾਤੂ, ਵੱਡ ਮੁੱਲਾ

(ੳ) ਮਤਿ ਵਿਚ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ (ਜਪੁ)

(ਅ) ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥ (ਪੰਨਾ-੭੪੧)

੨. ਰਤੁ ਨ : ਰਤੁ ਅਤੇ ਨੰਨਾ ਪਦ ਛੇਦ ਉਚਾਰਨ :- ਰਤੁ ਦਾ ਅਰਥ ਹੈ ਖ਼ੂਨ, ਲਹੂ, ਰਕਤ ਆਦਿ।

(ੳ) ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ॥ (ਪੰਨਾ- ੬੪੪)

(ਅ) ਜੋ ਸਹ ਰਤੇ ਆਪਣੇ ਤਿਨ ਤਨੁ ਲੋਭੁ ਰਤੁ ਨ ਹੋਇ॥ (ਪੰਨਾ-੧੩੮੦)

### ੨. ਜਮੁਨ ਅਤੇ ਜਮੁ ਨ

੧. ਜਮੁਨ - ਜੁੜਤ ਰੂਪ ਉਚਾਰਨ, ਔਂਕੜ ਸਹਿਤ ਉਚਾਰਨ, ਅਰਥ ਹੈ ਜਮੁਨਾ ਨਦੀ,

(ੳ) ਉਲਟੀ ਗੰਗਾ ਜਮੁਨ ਮਿਲਾਵਉ॥ (ਪੰਨਾ-੩੨੭)

(ਅ) ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪੁ ਨ ਕੀਆ॥ (ਪੰਨਾ-੧੧੧੬)

੨. ਜਮੁ ਨ :- ਪਦ ਛੇਦ ਉਚਾਰਨ ਜਮੁ ਅਤੇ ਨੰਨਾ ਵੱਖ ਵੱਖ ਅਰਥ ਹੈ, ਜਮੁ-ਧਰਮ ਰਾਜ ਦੇ ਦੂਤ ਜਾਂ ਜਮਦੂਤ ਅਤੇ ਨ ਦਾ ਅਰਥ ਨਹੀਂ ।

(ੳ) ਜਮੁ ਨ ਛੋਡੈ ਬਹੁ ਕਰਮ ਕਮਾਵਹਿ॥ (ਪੰਨਾ-੧੦੪੯)

(ਅ) ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ॥ (ਪੰਨਾ-੧੩੭੧)

### ੩. ਦਰਸਨ ਅਤੇ ਦਰਸੁ ਨ

੧. ਦਰਸਨ :- ਜੁੜਤ ਪਦ ਅਰਥ ਹੈ ਦਰਸ਼ਨ, ਦੇਖਣਾ, ਪੇਖਣਾ ।

(ੳ) ਦਰਸਨ ਦੇਖੈ ਕੀ ਵਡਿਆਈ॥ (ਪੰਨਾ-੭੩੮)

(ਅ) ਤੇਰੇ ਦਰਸਨ ਕਉ ਬਲਿਹਾਰਾ॥ (ਪੰਨਾ-੭੪੯)

ਦਰਸੁ ਨ :- ਪੱਦ ਛੇਦ ਉਚਾਰਨ - ਦਰਸਨ ਨ ਕਰਨਾ, ਨ ਦੇਖਣਾ ।

(ੳ) ਸਾਧ ਜਨਾ ਕਾ ਦਰਸੁ ਨ ਡੀਠਾ॥ (ਪੰਨਾ-੭੩੮)

(ਅ) ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤ ਪੀਵੀਐ ਰਾਮ॥ (੧੧੧੩)

### ੪. ਰਾਜਨ ਅਤੇ ਰਾਜੁ ਨ

(੧) ਰਾਜਨ-ਜੁੜਤ ਪਦ-ਅਰਥ ਰਾਜਾ, ਬਾਦਸ਼ਾਹ, ਹੁਕਮਰਾਨ:



www.AKJ.Org

(ੳ) ਰਾਜਨੁ ਕਉਨ ਤੁਮਾਰੈ ਆਵੈ॥ (ਪੰਨਾ-੧੧੦੫)
(ਅ) ਰਾਜਨ ਮਹਿ ਤੂ ਰਾਜਾ ਕਹੀਐ॥ (ਪੰਨਾ-੫੦੭)
੨. ਰਾਜੁ ਨ - ਪਦ ਛੇਦ ਉਚਾਰਨ :
(ੳ) ਰਾਜੁ ਨ ਚਾਹਉ ਮੁਕਤਿ ਨ ਚਾਹਉ॥ (ਪੰਨਾ- ੫੩੪)
(ਅ) ਐਸਾ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਇ॥

### ੫. ਮਗਨ ਅਤੇ ਮਗੁ ਨ

ਮਗਨ - ਜੁੜਤ ਪਦ - ਅਰਥ ਲਿਵ ਲੀਨ, ਮਸਤ :
(ੳ) ਮਗਨ ਰਹਿਓ ਮਾਇਆ ਮੈਂ ਨਿਸਦਿਨ, ਛੁਟੀ ਨ ਮਨ ਕੀ ਕਾਈ॥ (ਪੰਨਾ-੭੧੮)
(ਅ) ਮਗਨ ਭਇਆ ਤੇ ਸੋ ਸਚੁ ਪਾਵੈ।(ਪੰਨਾ-੩੪੨)
੨. ਮਗੁ ਨ :- ਪਦ ਛੇਦ ਉਚਾਰਨ - ਰਸਤਾ ਨ ਲਭਨਾ
(ੳ) ਵਿਣੁ ਸਤਿਗੁਰ ਮਗੁ ਨ ਪਾਇਆ॥ (ਪੰਨਾ-੭੭੩)
(ਅ) ਬਿਨੁ ਗੁਰ ਮਗੁ ਨ ਪਾਏ।(ਪੰਨਾ-੨੪੪)

### ੬. ਚੰਦਨ ਅਤੇ ਚੰਦੁ ਨ

੧. ਚੰਦਨ :- ਜੁੜਤ ਪੱਦ - ਅਰਥ ਚੰਦ੍ਰਮਾਹ, ਚੰਦ , ਜਾਂ ਚੰਦਨ ਦਾ ਦਰਖਤ।
ੳ) ਚੰਦਨ ਨਿਕਟਿ ਸਭ ਚੰਦਨੁ ਹੁਈਆ॥ (ਪੰਨਾ-੮੩੪)
ਅ) ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ।(ਪੰਨਾ-੭੦੯)
੨. ਚੰਦੁ ਨ :- ਪਦ-ਛੇਦ - ਚੰਦ੍ਰਮਾਹ ਦਾ ਨ ਹੋਨਾ।
ੳ) ਤਹ ਚੰਦੁ ਨ ਸੂਰਜ ਪਉਣ ਨ ਪਾਣੀ॥ (ਪੰਨਾ-੬੭੪)

### ੭. ਨਾਮਨ ਅਤੇ ਨਾਮੁ ਨ

੧. ਨਾਮਨ:- ਜੁੜਤ ਪਦ - ਨਾਮ ਦਾ ਬਹੁਵਾਚਕ ਸ਼ਬਦ
ੳ) ਨਾਮਨ ਮਹਿ ਤੇਰੋ ਪ੍ਰਭ ਨਾਮਾ॥ (ਪੰਨਾ-੫੦੭)
੨. ਨਾਮੁ ਨ :- ਪਦ-ਛੇਦੁ,ਨਾਮ ਨ ਜਪਨਾ
ੳ)ਰਾਮ ਕੋ ਨਾਮੁ ਨ ਕਬਹੂ ਲੀਨਾ॥ (ਪੰਨਾ-੭੯੨)
ਅ) ਹਰਿ ਨਾਮੁ ਨ ਭਜਿਆ ਬਿਰਥਾ ਜਨਮ ਗਵਾਇਆ॥ (ਪੰਨਾ-੮੫੨)

### ੮. ਅਵਰਨ ਅਤੇ ਅਵਰੁ ਨ

੧. ਅਵਰਨ : ਹੋਰਾਂ ਤੇ, ਦੂਜਿਆਂ ਤੇ (ਜੁੜਤ ਪੱਦ)
ਅਵਰਨ ਹਸਤ ਆਪ ਹਹਿ ਕਾਨੇ॥ (ਪੰਨਾ-੩੩੨)
੨. ਅਵਰੁ ਨ : ਪਦ ਛੇਦ - ਦੂਜਾ ਨਹੀਂ
ੳ) ਅਵਰੁ ਨ ਸੂਝੈ ਗੁਰ ਕਉ ਵਾਰਿਆ॥ (ਪੰਨਾ-੭੯੬)
ਅ) ਏਕੋ ਵਰਤੈ ਅਵਰੁ ਨ ਕੋਇ॥ (ਪੰਨਾ-੮੪੨)

### ੯. ਰਸਨ ਅਤੇ ਰਸੁ ਨ

੧. ਰਸਨ:- ਜੁੜਤ ਪਦ ਰਸਨਾ, ਸਵਾਦ,
ੳ) ਹਿਰਦੈ ਰਸਨ ਰਸਾਏ॥ (ਪੰਨਾ-੭੭੪)
ਅ) ਜੈਸੇ ਮੀਨੁ ਰਸਨ ਸਾਦਿ ਬਿਨਸਿਓ॥ (ਪੰਨਾ-੮੬੨)
ੲ) ਹਰਿ ਗੁਣ ਰਸਨ ਬਖਾਨ॥ (ਪੰਨਾ-੧੧੧੯)
ਰਸੁ ਨ :- ਪਦ ਛੇਦ, ਰਸ ਵਿੱਚ ਜਾਂ ਸਵਾਦ ਵਿੱਚ ਨ ਪੈਣਾ।
ੳ) ਸਾਕਤ ਮੂਏ ਦੁਰਮਤੀ ਹਰਿ ਰਸੁ ਨ ਜਾਣਨਿ॥ (ਪੰਨਾ-੮੫੪)

ਇਸੇ ਲੜੀ ਵਿੱਚ ਜਸੁਦਾ ਅਤੇ ਕਾਲਜਮੁਨ ਸ਼ਬਦਾਂ ਤੇ ਵਿਚਾਰ ਇਸ ਤਰਾਂ ਹੈ।

ਇਹਨਾਂ ਦੋਨੋਂ ਸ਼ਬਦਾਂ ਦਾ ਉਚਾਰਨ ਜਸੁਦਾ ਦਾ ਮੱਮੇ ਥੱਲੇ ਔਂਕੜ ਸਹਿਤ ਅਤੇ ਕਾਲਜਮੁਨ ਵਿਚ ਮੱਮੇ ਦਾ ਉਚਾਰਨ ਔਂਕੜ ਸਹਿਤ ਕਰਨਾ ਹੀ ਸਹੀ ਉਚਾਰਨ ਹੈ। ਇਹ ਦੋਨੋਂ ਹੀ ਨਾਂਉ (Noun) ਹਨ। ਗੁਰ ਪ੍ਰਮਾਣ:-
ਜਸੁਦਾ :- ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥ (ਪੰਨਾ-੭੫)
ਕਾਲਜਮੁਨ : ਜਰਾਸੰਧਿ ਕਾਲਜਮੁਨ ਸੰਘਾਰੇ।(ਪੰਨਾ-੨੨੪)

ਹੁਣ ਗੁਰਬਾਣੀ ਵਿਚ ਵਿਚਕਾਰਲਾ ਅੱਖਰ ਥੱਲੇ ਆਏ ਔਂਕੜ ਸਹਿਤ ਕੁਝ ਸ਼ਬਦਾਂ ਦੇ ਹੋਰ ਪ੍ਰਮਾਣ ਦਿਤੇ ਜਾ ਰਹੇ ਹਨ ਜਿਨ੍ਹਾਂ ਤੋਂ ਸ਼ਬਦ ਜੋੜ ਉਚਾਰਨ ਨਿਯਮ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ। ਇਹਨਾਂ ਸ਼ਬਦਾਂ ਵਿਚ ਆਏ ਔਂਕੜ ਨੂੰ ਉਚਾਰਨ ਕਰਨਾ ਜਰੂਰੀ ਹੈ।

### ਤਿੰਨ ਅੱਖਰਾਂ ਵਾਲੇ ਜੁੜਤ ਸ਼ਬਦ:

੧. ਚਤੁਰ - ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ।(ਪੰਨਾ-੫੩੪)
੨. ਵਿਛੁੰਨਾ - ਚਿਰੀ ਵਿਛੁੰਨਾ ਹਰਿ ਪ੍ਰਭ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ (ਪੰਨਾ-੫੩੮)
੩. ਤ੍ਰਿਕੁਟੀ - ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥ (ਪੰਨਾ-੫੩੫)
੪, ਮਛੁਲੀ - ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ (ਪੰਨਾ-੭੦੮)

ਚਾਰ ਜਾਂ ਚਾਰ ਤੋਂ ਵਧ ਅੱਖਰਾਂ ਵਾਲੇ ਜੁੜਤ ਸ਼ਬਦ:

ਅਵਗੁਨ, ਕਰੁਣਾਮੈਂ, ਜਿੰਦੁੜੀਏ, ਗੁਰਮੁਖ, ਮਨਮੁਖ, ਸਨਮੁਖ, ਸਤਿਗੁਰ, ਨਿਰਗੁਣਵੰਤੜੀਏ, ਅਉਗੁਣਵੰਤੀ, ਅਨੁਰਾਗ, ਅਮੁਲਕ, ਰਖੀਸੁਰ, ਬੇਸੁਮਾਰ, ਵਿਛੁੰਨਿਆ, ਨਿਰਗੁਨ, ਸਰਗੁਨ, ਨਿਰਗੁਨੀਆਰ, ਕਰੁਣਾਲਯ, ਉਤਭੁਜ। ਹਿੰਦੁਸਤਾਨ, ਕਰੁਣਾਪਤੇ, ਕਲਿਜੁਗ

ਦਸਮ ਗ੍ਰੰਥ 'ਚ ਪ੍ਰਮਾਣ : (ਜਾਪੁ ਸਾਹਿਬ)

ਸਮਸਤੁਲ, ਤਮਾਮੁਲ, ਅਗੰਜੁਲ, ਹਿਰਾਸੁਲ, ਹਰੀਫੁਲ,ਗਨੀਮੁਲ, ਕਰੀਮੁਲ, ਜਮੀਨੁਲ, ਸਰਬੁਲ, ਨਮਸਤੁਲ, ਹਮੇਸੁਲ ਆਦਿ।

ਤਾਂ ਤੇ ਉਪਰੋਕਤ ਗੁਰਬਾਣੀ ਪ੍ਰਮਾਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੰਕਤੀ 'ਲਾਖ ਕਰੋਰੀ ਬੰਧੁ ਨ ਪਰੈ' ਵਿਚ ਆਏ ਸ਼ਬਦ ਬੰਧੁ ਅਤੇ ਨ (ਨੰਨੇ) ਦਾ ਇੱਕਠਾ ਇਕ ਸ਼ਬਦ ਉਚਾਰਨ ਹੋ ਹੀ ਨਹੀਂ ਸਕਦਾ ਅਤੇ ਨਾ ਹੀ ਫਿਰ ਇਸ ਦਾ ਕੋਈ ਅਰਥ ਨਿਕਲਦਾ ਹੈ।



www.AKJ.Org

# ਹਮ ਸੰਤਨ ਕੀ ਸਰਣਾ

ਡਾ. ਬਲਕਾਰ ਸਿੰਘ ਜੀ

(ਪ੍ਰੋਫੈਸਰ ਤੇ ਮੁਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।)

ਸਿੱਖ ਧਰਮ ਵਿਚ ਸੰਤ ਦੀ ਮਹਿਮਾ ਅਤੇ ਸੰਤ ਦੀ ਮਹੱਤਤਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। 'ਸੰਤ' ਸ਼ਬਦ ਦੇ ਪ੍ਰਾਪਤ ਅਰਥ ਤਾਂ ਬਹੁਤ ਸਾਰੇ ਪਰਵਾਨ ਕਰ ਲਏ ਗਏ ਹਨ। ਸੰਤ ਸ਼ਾਂਤ-ਚਿੱਤ ਸ਼ਖ਼ਸੀਅਤ ਦਾ ਨਾਮ ਵੀ ਪਰਵਾਨ ਕੀਤਾ ਹੋਇਆ ਹੈ। ਸ਼ਾਂਤ - ਚਿੱਤ ਵਿਅਕਤੀ ਦੀ ਨਿਸ਼ਾਨੀ ਇਹ ਪਰਵਾਨ ਕੀਤੀ ਗਈ ਹੈ ਕਿ ਅਜਿਹਾ ਵਿਅਕਤੀ, ਜਿਸਨੇ ਮਨ ਇੰਦਰੀਆਂ ਨੂੰ ਟਿਕਾਇਆ ਹੋਇਆ ਹੈ। ਅਕਸਰ ਮਨ ਇੰਦਰੀਆਂ ਨੂੰ ਟਿਕਾਉਣ ਦਾ ਅਰਥ, ਮਨ ਇੰਦਰੀਆਂ ਨੂੰ ਮਾਰਨਾ ਵੀ ਮੰਨ ਲਿਆ ਜਾਂਦਾ ਹੈ। ਸੰਤ ਇਸ ਤਰ੍ਹਾਂ ਅਜਿਹੀ ਸ਼ਾਂਤ ਆਤਮਾ ਹੈ ਜਿਹੜੀ ਪ੍ਰਭੂ - ਹੁਕਮ ਵਿਚ ਭਰਪੂਰ ਜੀਵਨ ਜੀਊਂਦੀ ਹੈ। ਇਸਦਾ ਭਾਵ ਇਹ ਹੋਇਆ ਕਿ ਸੰਤ ਨੇ ਪ੍ਰਭੂ - ਹੁਕਮ ਵਿਚ ਜੀਉਣ ਦੀ ਪਿਰਤ ਆਮ ਲੋਕਾਂ ਦੇ ਸਾਹਮਣੇ ਲਿਆਉਣੀ ਹੁੰਦੀ ਹੈ, ਇਸ ਕਰਕੇ ਸੰਤ ਕਿਸੇ ਵੀ ਹਾਲਤ ਵਿਚ ਅਤੇ ਸਿੱਖ ਪ੍ਰਸੰਗ ਵਿਚ ਰਿੱਧੀਆਂ ਸਿੱਧੀਆਂ ਦੇ ਮਾਲਕ ਵਜੋਂ ਗੱਦੀਧਾਰੀ ਨਹੀਂ ਹੈ। ਸੰਤ ਤਾਂ ਪ੍ਰਭੂ ਦੇ ਦਰ ਤੇ ਪਰਵਾਨ ਹੋਈ ਸ਼ਖ਼ਸੀਅਤ ਹੈ ਅਤੇ ਇਸ ਤਰ੍ਹਾਂ ਉਹ ਗੁਰੂ ਰੂਪ ਹੈ। ਇਸ ਪ੍ਰਥਾਏ ਗੁਰੂ ਹੁਕਮ ਇਹ ਹੈ:

**ਸੋਈ ਸੰਤੁ ਜਿ ਭਾਵੈ ਰਾਮ॥**
**ਸੰਤ ਗੋਬਿੰਦ ਕੈ ਏਕੈ ਕਾਮ॥੧॥ ਰਹਾਉ ॥੧੮॥**

(ਗੋਂਡ ਮ. ੫ ਪੰਨਾ ੮੬੭)

ਭਾਰਤੀ ਧਰਮ - ਪਰੰਪਰਾ ਵਿਚ ਸੰਤ ਦੇ ਅਰਥ ਦੁਨੀਆਂ ਨੂੰ ਤਿਆਗ ਕੇ ਅਤੇ ਨਿਸ਼ਚਤ ਕਿਸਮ ਦੇ ਬਾਣੇ ਦੇ ਧਾਰਨੀ ਹੋਣ ਦੇ ਲਏ ਹੋਏ ਹਨ। ਕਰਾਮਾਤ ਅਤੇ ਗ੍ਰਹਿਸਤ - ਤਿਆਗ ਨੂੰ ਸੰਤ ਦੀ ਮੂਲ ਪਛਾਣ ਮੰਨਿਆ ਗਿਆ ਹੈ। ਇਸ ਵਿਚ ਵਾਧਾ ਇਹ ਹੋਇਆ ਜਾਪਦਾ ਹੈ ਕਿ ਸੰਤ ਜਦੋਂ ਤੋਂ ਅੰਗ੍ਰੇਜ਼ੀ ਦੇ ਸ਼ਬਦ Saint ਦਾ ਅਨੁਵਾਦ ਹੋ ਗਿਆ ਹੈ, ਉਦੋਂ ਤੋਂ ਸੰਤ ਨੂੰ ਅਧਿਆਤਮਕ ਨਾਲੋਂ ਵੱਧ ਇਤਿਹਾਸਕ ਮਹੱਤਤਾ ਪ੍ਰਾਪਤ ਹੋ ਗਈ ਹੈ। ਇਤਿਹਾਸਕ ਦਾ ਅਰਥ ਇਥੇ ਇਹ ਲਿਆ ਜਾ ਰਿਹਾ ਹੈ ਕਿ ਸੰਤ ਨੂੰ ਡੇਰੇਦਾਰ ਪਰਵਾਨ ਕਰ ਲਿਆ ਗਿਆ ਹੈ। ਇਸ ਪਰੰਪਰਾ ਨੂੰ ਸਿੱਖ ਧਰਮ ਵਿਚ ਸਿਧਾਂਤਕ ਮਾਨਤਾ ਪ੍ਰਾਪਤ ਨਹੀਂ ਹੈ। ਕਾਰਨ ਇਹ ਹੈ ਕਿ ਗ੍ਰਹਿਸਤ-ਤਿਆਗ ਅਤੇ ਕਰਾਮਾਤ ਨੂੰ ਸਿੱਖ ਅਧਿਆਤਮਕਤਾ ਵਿਚ ਕੋਈ ਮਾਨਤਾ ਪ੍ਰਾਪਤ ਨਹੀਂ ਹੈ। ਪਰ ਕੋਈ ਵੀ ਡੇਰਾ ਇਨ੍ਹਾਂ ਦੋ ਗੁਣਾ ਬਿਨਾਂ ਨਹੀਂ ਚਲ ਸਕਦਾ। ਇਸ ਕਰਕੇ ਸੰਤ ਪਰੰਪਰਾ ਦਾ ਹਰਮਨ-ਪਿਆਰਾ ਰੂਪ ਜੋ ਸਾਹਮਣੇ ਆ ਗਿਆ ਹੈ, ਉਹ ਕਿਵੇਂ ਵੀ ਸਿੱਖ ਧਰਮ ਦੇ ਮੁਤਾਬਿਕ ਪਰਵਾਨ ਨਹੀਂ ਕੀਤਾ ਜਾ ਸਕਦਾ। ਇਸ ਹਾਲਤ ਵਿਚ "ਹਮ ਸੰਤਨ ਕੀ ਸਰਣਾ" ਦਿਲਚਸਪ ਵਿਸ਼ਾ ਹੋ ਜਾਂਦਾ ਹੈ, ਕਿਉਂਕਿ ਇਹ ਬਾਣੀ ਵਿਚੋਂ ਲਿਆ ਹੋਇਆ ਹੈ। ਇਸ ਸ਼ਬਦ ਦਾ ਸੰਪੂਰਨ ਪਾਠ ਇਸ ਪ੍ਰਕਾਰ ਹੈ ਅਤੇ ਪੰਚਮ ਪਾਤਸ਼ਾਹ ਹਜ਼ੂਰ ਦਾ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੧੪ ਤੇ ਦਰਜ ਹੈ:

**ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥**
**ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥੧॥**
**ਹਮ ਸੰਤਨ ਸਿਉ ਬਣਿ ਆਈ॥ ਪੂਰਬਿ ਲਿਖਿਆ ਪਾਈ॥ ਇਹੁ ਮਨੁ ਤੇਰਾ ਭਾਈ॥ ਰਹਾਉ॥ ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥ ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ॥੨॥ ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥ ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥੩॥ ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥੫॥ ੮॥੧੯॥** (ਸੋਰਠਿ ਮ: ੫, ਪੰਨਾ ੬੧੪)

ਸੰਤ ਇਥੇ 'ਸੰਤ ਗੁਰੂ' ਹੈ ਅਤੇ ਇਸ ਨੂੰ ਕਿਸੇ ਵਿਅਕਤੀ - ਵਿਸ਼ੇਸ਼ ਜਾਂ ਕਿਸੇ ਭੇਖ ਦੇ ਮੁਖੀ ਜਾਂ ਡੇਰੇਦਾਰ ਵਜੋਂ ਗ੍ਰਹਿਣ ਕਰਨਾ ਠੀਕ ਨਹੀਂ ਹੈ। ਕਾਰਨ ਇਹ ਹੈ ਕਿ ਸੰਤ, ਵਿਅਕਤੀ ਰੂਪ ਵਿਚ ਓਟ ਆਸਰਾ ਨਹੀਂ ਹੋ ਸਕਦਾ। ਕੇਵਲ 'ਸੰਤ-ਗੁਰੂ' ਨੂੰ ਹੀ ਮਨ ਸੌਂਪਿਆ ਜਾ ਸਕਦਾ ਹੈ। ਮਨ ਦੀ ਸੌਂਪਣਾ ਹਲੀਮੀ ਅਤੇ ਸਮਰਪਣ ਨਾਲ ਹੀ ਸੰਭਵ ਹੋ ਸਕਦੀ ਹੈ। ਇਸ ਦੀ ਪੁਸ਼ਟੀ "ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ" ਤੋਂ ਹੋ ਜਾਂਦੀ ਹੈ। ਇਸ ਸ਼ਬਦ ਵਿਚ ਸੰਤ ਦੇ ਪਛਾਣ ਚਿੰਨ੍ਹ ਦਿਤੇ ਹੋਏ ਹਨ। ਇਨ੍ਹਾਂ ਪਛਾਣ - ਚਿੰਨ੍ਹਾਂ ਨਾਲ ਨਿਰਣਾ ਇਹ ਕਰਨਾ ਹੈ ਕਿ ਸੰਤ ਨੂੰ ਦੇਹਧਾਰੀ ਪਛਾਣ ਤਕ ਸੀਮਿਤ ਕਰਨਾ ਹੈ ਜਾਂ ਸੰਕਲਪ ਰੂਪ ਵਿਚ ਗ੍ਰਹਿਣ ਕਰਨਾ ਹੈ? ਜੇ ਸੰਤ ਨੂੰ ਦੇਹਧਾਰੀ ਪਛਾਣ ਤੱਕ ਸੀਮਿਤ ਕਰ ਲਵਾਂਗੇ ਤਾਂ ਇਸ ਸ਼ਬਦ ਵਿਚਲੇ ਗੁਣ, ਹੋ ਸਕਦਾ ਹੈ, ਦੇਹਧਾਰੀ ਦੀ ਸਮਰੱਥਾ ਤੋਂ ਬਾਹਰ ਰਹਿ ਜਾਣ? ਉਦਾਹਰਣ ਵਜੋਂ ਦੇਹਧਾਰੀ ਤਾਂ ਹਰ ਥਾਂ ਤੇ ਹਾਜ਼ਰ ਨਹੀਂ ਹੋ ਸਕਦਾ ਅਤੇ ਜੇ ਕੋਈ ਸਰਬ - ਵਿਆਪਕ ਹੋਣ ਦਾ ਦਾਅਵਾ ਕਰੇਗਾ ਤਾਂ ਵੀ ਉਹ ਕਰਾਮਾਤੀ ਹੋ ਕੇ ਹੀ ਅਜਿਹਾ ਦਾਅਵਾ ਕਰ ਸਕੇਗਾ। ਇਸ ਤਰ੍ਹਾਂ ਦੇਹਧਾਰੀ ਰੂਪ ਵਿਚ ਬਿਨਾਂ ਕਰਾਮਾਤ ਕੀਤਿਆਂ "**ਮਹਾ ਅਨੰਦ ਭਏ ਸੁਖੁ ਪਾਇਆ, ਸੰਤਨ ਕੈ ਪਰਸਾਦੇ**" ਦੀ ਸੰਭਾਵਨਾ ਹੀ ਨਹੀਂ ਹੈ। ਇਸਲਾਮ ਧਰਮ ਵਿਚ ਕਰਾਮਾਤ ਨੂੰ ਅਧਿਆਤਮਕਤਾ ਦਾ ਹਿਸਾ ਮੰਨਿਆਂ ਹੋਇਆ ਹੈ ਅਤੇ ਉਥੇ ਦੇਹਧਾਰੀ



www.AKJ.Org

ਸੰਤਤਾਈ ਦੀ ਸੰਭਾਵਨਾ ਵੀ ਪਰਵਾਨ ਕੀਤੀ ਹੋਈ ਹੈ। ਹਿੰਦੂ ਧਰਮ ਵਿਚ ਵੀ ਦੇਹਧਾਰੀ ਅਧਿਆਤਮਕਤਾ ਨੂੰ ਮਾਨਤਾ ਪ੍ਰਾਪਤ ਹੈ, ਪਰ ਸਿੱਖ ਧਰਮ ਵਿਚ ਦੇਹਧਾਰੀ ਉੱਤਮਤਾ ਤੇ ਆਧਾਰਤ ਅਧਿਆਤਮਕਤਾ ਦੀ ਆਗਿਆ ਨਹੀਂ ਹੈ। ਇਸ ਨਾਲ ਅਸਲ ਵਿਚ ਇਹ ਸਿਧਾਂਤਕ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਅਧਿਆਤਮਕ ਅਗਵਾਈ ਵਾਸਤੇ ਦੇਹਧਾਰੀ ਦਾ ਬਦਲ, ਸ਼ਬਦ ਨੂੰ ਪਰਵਾਨ ਕਰਨ ਦਾ ਸਿੱਖ ਸਿਧਾਂਤ, ਗੁਰੂ ਨਾਨਕ ਦੇਵ ਜੀ ਨੇ ਹੀ ਸਾਹਮਣੇ ਲੈ ਆਂਦਾ ਸੀ। ਦਸਾਂ ਹੀ ਪਾਤਸ਼ਾਹੀਆਂ ਨੇ ਸ਼ਬਦ - ਗੁਰੂ ਦੀ ਪਰਪੱਕਤਾ ਵਾਸਤੇ ਸਿੱਖ ਮਾਨਸਿਕਤਾ ਨੂੰ ਤਿਆਰ ਕਰਨ ਦੀ ਗੁਰਮਤਿ ਜੁਗਤਿ ਤੇ ਪਹਿਰਾ ਦਿਤਾ ਸੀ। ਸ਼ਬਦ ਗੁਰੂ ਦਾ ਪ੍ਰਗਟ ਐਲਾਨ, ਪੰਚਮ ਪਾਤਸ਼ਾਹ ਹਜ਼ੂਰ ਨੇ ੧੬੦੪ ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰ ਕੇ ਕਰ ਦਿਤਾ ਸੀ। ਦਸਮ ਪਾਤਸ਼ਾਹ ਹਜ਼ੂਰ ਨੇ ਸ਼ਬਦ - ਗੁਰੂ ਦੇ ਵਾਰਸਾਂ ਨੂੰ ੧੬੯੯ ਈ: ਦੀ ਵਿਸਾਖੀ ਵੇਲੇ ਅੰਮ੍ਰਿਤ ਛਕਾ ਕੇ, ਖਾਲਸਾ ਦੀ ਸੰਗਿਆ ਪਰਵਾਨ ਕੀਤੀ ਸੀ। ਇਸ ਤਰ੍ਹਾਂ ਸੰਤ - ਗੁਰੂ ਤੋਂ ਸ਼ਬਦ ਗੁਰੂ ਤਕ ਦਾ ਸਫ਼ਰ ਹੀ ਸਿੱਖ ਇਤਿਹਾਸ ਪਰਵਾਨ ਕੀਤਾ ਜਾ ਸਕਦਾ ਹੈ। ਇਸ ਸ਼ਬਦ ਵਿਚ ਵੀ ਸੰਤ - ਗੁਰੂ ਨੂੰ ਸ਼ਬਦ - ਗੁਰੂ ਵਜੋਂ ਹੀ ਲਿਆ ਜਾ ਰਿਹਾ ਹੈ। ਜਿਹੜੇ ਗੁਣ ਇਥੇ ਸੰਤ - ਗੁਰੂ ਦੇ ਦੱਸੇ ਜਾ ਰਹੇ ਹਨ, ਉਹ ਤਾਂ ਸੰਭਵ ਹੀ ਸ਼ਬਦ - ਗੁਰੂ ਵਿਚ ਹੋ ਸਕਦੇ ਹਨ। ਸੰਤ ਦਾ ਕੰਮ ਮਨ ਦੇ ਸੰਸੇ ਦੂਰ ਕਰ ਕੇ ਅਕਾਲ ਪੁਰਖੀ ਗੁਣਾਂ ਦਾ ਧਾਰਨੀ ਬਣਨਾ ਅਤੇ ਬਣਾਉਣਾ ਹੈ। ਇਹ ਦੋ ਤਰ੍ਹਾਂ ਹੋ ਸਕਦਾ ਹੈ। ਨੰਬਰ ਇੱਕ, ਬਾਹਰੋਂ ਕੋਈ ਹੋਰ ਇਹ ਸੰਭਵ ਕਰ ਵਿਖਾਏ। ਇਸਨੂੰ ਕਰਾਮਾਤ ਆਖ ਕੇ, ਸਿੱਖ ਚਿੰਤਨ ਦੇ ਘੇਰੇ ਤੋਂ ਬਾਹਰ ਮੰਨਿਆ ਗਿਆ ਹੈ। ਦੇਹਧਾਰੀ ਤਾਂ ਕਰਾਮਾਤ ਰਾਹੀਂ ਇਹੀ ਕਰ ਸਕਦਾ ਹੈ। ਇਹ ਸਿੱਖੀ ਵਿਚ ਸੰਭਵ ਨਹੀਂ ਹੈ। ਦੂਜਾ ਇਹ ਹੈ ਕਿ ਮਨੁੱਖ ਦੇ ਅੰਦਰ ਸੁੱਤੇ ਹੋਏ ਬੀਜ ਰੂਪ ਗੁਣਾਂ ਨੂੰ ਸ਼ਬਦ ਨਾਲ ਜਗਾ ਦਿੱਤਾ ਜਾਵੇ। ਜਾਗਿਆ ਹੋਇਆ ਵਿਅਕਤੀ ਹੀ ਸਿੱਖ ਅਖਵਾਇਆ ਹੈ। ਏਸੇ ਲਈ ਸਿੱਖੀ ਜਨਮ ਤੋਂ ਨਹੀਂ ਮੰਨੀ ਜਾਣੀ ਚਾਹੀਦੀ, ਕਿਉਂਕਿ ਪੰਜ ਭੂਤਕ ਜਾਮੇ ਵਿਚ ਜਾਂ "ਭਈ ਪਰਾਪਤਿ ਮਾਨੁਖ ਦੇਹੁਰੀਆ" ਵਿਚ ਆਪਣੇ ਅੰਦਰੋਂ ਭਗਤੀ - ਭਾਵਨਾ ਨੂੰ ਪਰਚੰਡ ਕਰ ਕੇ "ਗੋਬਿੰਦ ਮਿਲਣ" ਦੇ ਮਾਰਗ ਦਾ ਪਾਂਧੀ ਹੋਣਾ ਹੀ ਸਿੱਖੀ ਹੈ। ਇਸੇ ਨੂੰ ਜੀਅ ਦਾਨੁ ਵੀ ਆਖਿਆ ਹੈ ਅਤੇ ਇਸ ਦੇ ਰਾਹ ਵਿਚ ਮਨ ਦੇ ਸੰਸਿਆ ਦੀਆਂ ਰੁਕਾਵਟਾਂ, ਗੁਰਸ਼ਬਦੀ - ਜੁਗਤਿ ਨਾਲ ਦੂਰ ਹੋ ਜਾਂਦੀਆਂ ਪਰਵਾਨ ਕੀਤੀਆਂ ਹੋਈਆਂ ਹਨ:-

**ਸੰਤਨ ਮੋ ਕਉ ਪੂੰਜੀ ਸਉਪੀ**
**ਤਉ ਉਤਰਿਆ ਮਨ ਕਾ ਧੋਖਾ ॥**
**ਧਰਮਰਾਇ ਅਬ ਕਹਾ ਕਰੈਗੋ**
**ਜਉ ਫਾਟਿਓ ਸਗਲਾ ਲੇਖਾ ॥**

ਸੋ ਸੰਤ ਨੂੰ ਗੁਰਮਤਿ ਦੀ ਰੌਸ਼ਣੀ ਵਿਚ ਸੰਸਥਾ-ਮੁਖੀ ਜਾਂ ਸ਼੍ਰੇਣੀ- ਪ੍ਰਤੀਨਿਧ ਪਰਵਾਨ ਨਹੀਂ ਕੀਤਾ ਜਾ ਸਕਦਾ । ਗੁਰਮਤਿ ਦੀ ਸਚਾਈ ਨੂੰ ਪ੍ਰਗਟ ਕਰਨ ਵਾਲਾ ਮਾਧਿਅਮ ਹੀ ਸੰਤ ਮੰਨਿਆ ਹੈ ਅਤੇ ਗੁਰ ਚਿੰਤਨ ਦਾ ਸਮਰੱਥ ਪ੍ਰਗਟਾਵਾ ਤਾਂ ਕੇਵਲ ਸ਼ਬਦ ਜਾਂ ਬਾਣੀ ਵਿਚ ਹੀ ਹੋਇਆ ਮੰਨਿਆ ਗਿਆ ਹੈ । ਭਾਈ ਗੁਰਦਾਸ ਜੀ ਕਬਿੱਤਾਂ ਵਿਚ ਦਸਦੇ ਹਨ ਕਿ ਸੰਤ ਤਾਂ ਗੁਰਮਤਿ-ਸੱਚ ਦੇ ਪ੍ਰਗਟਾਵੇ ਦਾ ਹੀ ਨਾਮ ਹੈ :

**ਗੁਰਮਤਿ ਸਤਿ ਕਰਿ ਅਧਮ ਅਸਾਧ ਸਾਧ,**
**ਗੁਰਮਤਿ ਸਤਿ ਕਰਿ ਜੰਤ ਸੰਤ ਨਾਮ ਹੈ ॥**

(ਕਬਿਤ ੨੫)

ਸੋ ਸੰਤ ਤਾਂ ਸੰਕਲਪ ਹੈ, ਵੀਚਾਰਧਾਰਾ ਹੈ, ਸਚਾਈ ਹੈ ਅਤੇ ਇਹ ਸਭ ਕੁਝ ਕੇਵਲ ਸ਼ਬਦ ਵਿਚ ਹੀ ਸੰਭਵ ਹੈ, ਕਿਉਂਕਿ ਦੇਹਧਾਰੀ ਬੰਧਨਾਂ ਵਿਚ ਇਹ ਸੰਭਵ ਹੀ ਨਹੀਂ ਹੈ । ਜੇ ਕੋਈ ਵਿਅਕਤੀ ਨੇਕੀ ਅਤੇ ਬਦੀ ਨੂੰ ਇਕ ਕਰਕੇ ਵੇਖ ਸਕਦਾ ਹੈ ਜਾਂ ਅਕਾਲ ਪੁਰਖ ਦੇ ਤੁੱਲ ਹੋ ਸਕਦਾ ਹੈ ਤਾਂ ਉਸ ਵਾਸਤੇ ਸੰਗਿਆ ਸੰਤ ਕਈ ਥਾਵਾਂ ਤੇ ਵਰਤੀ ਹੋਈ ਹੈ:

**ਮਾਇਆ ਮੋਹ ਦੋਹ ਕੈ ਅਰਥ ਪਰਮਾਰਥ ਸੈ,**
**ਅਹੰਮੇਵ ਟੇਵ ਦਇਆ ਦ੍ਰਵੀ ਭੂਤ ਸੰਤ ਹੈ ॥**

(ਕਬਿੱਤ -੧੭੭)

ਇਹੀ ਸਿੱਖ-ਸੰਤ ਹੈ ਅਤੇ ਇਸੇ ਦੀ ਭਾਈ ਗੁਰਦਾਸ ਜੀ ਨੇ ਸਿੱਖ-ਸੰਤ ਵਜੋਂ ਵਿਆਖਿਆ ਵੀ ਕੀਤੀ ਹੋਈ ਹੈ ਅਤੇ ਦੱਸਿਆ ਇਹ ਹੈ ਕਿ ਉਹੀ ਸੰਤ ਹੈ, ਜਿਸਨੇ ਜੀਵਨ-ਮੁਕਤਿ ਦੀ ਪਦਵੀ ਪ੍ਰਾਪਤ ਕਰ ਲਈ ਹੈ :

**ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ,**
**ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥**

(ਕਬਿੱਤ-੬੪੯)

ਸੋ ਸੰਤ ਸੰਕਲਪ ਹੈ, ਵੀਚਾਰਧਾਰਾ ਹੈ, ਜੀਵਨ ਜੁਗਤਿ ਹੈ ਅਤੇ ਸ਼ਬਦ ਰੂਪ ਹੈ । ਏਸੇ ਲਈ ਬਾਣੀ ਵਿਚ ਸੰਤ ਨੂੰ ਅਕਾਲ ਪੁਰਖ ਵਾਸਤੇ ਵੀ ਵਰਤਿਆ ਹੋਇਆ ਹੈ । ਪੰਚਮ ਪਾਤਸ਼ਾਹ ਹਜ਼ੂਰ ਆਸਾ ਰਾਗ ਵਿਚ ਦਸਦੇ ਹਨ ਕਿ ਸੰਤ ਦੀ ਸੇਵਾ ਦਾ ਸੁਭਾਗ ਬੜੀ ਮੁਸ਼ਕਲ ਨਾਲ ਪ੍ਰਾਪਤ ਹੁੰਦਾ ਹੈ । ਸੰਤ ਦੀ ਸੰਗਤ ਵਾਸਤੇ ਮਹਾਂਪੁਰਸ਼ ਤਰਸਦੇ ਹਨ । ਏਸੇ ਲਈ ਸੰਤ-ਗੁਰੂ ਵੀ ਸੰਤ ਦੀ ਟਹਲ ਵਾਸਤੇ ਅਰਦਾਸ ਕਰ ਰਹੇ ਹਨ ਅਤੇ ਇਹ ਅਰਦਾਸ ਅਕਾਲ ਪੁਰਖ ਅੱਗੇ ਹੀ ਹੋ ਸਕਦੀ ਹੈ :

**ਤਾ ਕਾ ਸੰਗੁ ਬਾਛਹਿ ਸੁਰ ਦੇਵ ॥**
**ਅਮੋਘ ਦਰਸੁ ਸਫਲ ਜਾ ਕੀ ਸੇਵ ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ ॥**


www.AKJ.Org

ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ।।੪।।੩੭।।

(ਆਸਾ ਮ: ੫, ਪੰਨਾ-੩੯੨)

ਸੁਖਮਨੀ ਸਾਹਿਬ ਵਿਚ ਦੱਸਿਆ ਹੈ ਕਿ ਸੰਤ ਹੋਇਆ ਜਾ ਸਕਦਾ ਹੈ ਕਿਉਂਕਿ ਸੰਤ ਹੋ ਸਕਣਾ ਅਸੰਭਵ ਨਹੀਂ ਹੈ, ਪਰ ਸੰਤ ਤਾਂ ਉਹੀ ਹੈ ਜਿਸਨੂੰ 'ਅੰਮ੍ਰਿਤ ਦ੍ਰਿਸ਼ਟਿ' ਪ੍ਰਾਪਤ ਹੋ ਗਈ ਹੈ :

ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ।।੪।।੧੮ ।।

(ਸੁਖਮਨੀ ਸਾਹਿਬ ਪੰਨਾ-੨੮੭)

ਸੁਖਮਨੀ ਸਾਹਿਬ ਵਿਚ ਹੀ ਜਦੋਂ ਸੰਤ ਦੀ ਨਿੰਦਾ ਤੋਂ ਵਰਜਿਆ ਗਿਆ ਹੈ ਤਾਂ ਉਥੇ ਭੇਖ ਦੇ ਭੈਅ ਵਿਚ ਜ਼ਬਾਨਬੰਦੀ ਨਹੀਂ ਕੀਤੀ ਗਈ ਅਤੇ ਨਾ ਹੀ ਸੰਤ ਨੂੰ ਸੰਸਥਾ ਪ੍ਰਤੀਨਿਧ ਵਜੋਂ ਮਾਨਤਾ ਦੇਣ ਲਈ ਅਜਿਹਾ ਕੀਤਾ ਗਿਆ ਹੈ, ਸਗੋਂ ਆਸਤਕ ਅਤੇ ਨਾਸਤਕ ਦੀ ਕੋਟੀ ਵੰਡ ਰਾਹੀਂ ਇਹ ਸਚਾਈ ਸਾਹਮਣੇ ਲਿਆਂਦੀ ਗਈ ਹੈ ਕਿ ਆਸਤਕ ਹੋ ਕੇ ਸ਼ਿਕਵੇ ਸ਼ਿਕਾਇਤਾਂ ਕਰਨ ਵਾਲਾ "**ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ** " ਵਰਗੀ ਬਿਰਤੀ ਦਾ ਮਾਲਕ ਹੈ । ਇਸੇ ਨੂੰ ਆਸਾ ਦੀ ਵਾਰ ਵਿਚ ' **ਸਲਾਮ ਜਬਾਬੁ ਦੋਵੈ ਕਰੇ**" ਦੀ ਦੁਬਿਧਾ ਨੂੰ ਹੰਢਾਉਣ ਦੀ ਬਿਰਤੀ ਆਖਿਆ ਹੋਇਆ ਹੈ । ਸੰਤ ਇਥੇ 'ਇਸ਼ਟ' ਹੈ ਅਤੇ ਇਸ਼ਟ ਬਾਰੇ ਦੋਹਰੇ ਜੀਵਨ ਦੀ ਆਗਿਆ ਸਿੱਖ-ਚਿੰਤਨ ਵਿਚ ਨਹੀਂ ਦਿੱਤੀ ਗਈ । ਏਸੇ ਲਈ ਇਹ ਧਿਆਨ ਵਿਚ ਰੱਖੇ ਜਾਣ ਦੀ ਲੋੜ ਹੈ ਕਿ ਜਿਸ 'ਸੰਤ' ਦੀ ਸ਼ਰਨ ਜਾਣ ਲਈ ਆਖਿਆ ਗਿਆ ਹੈ, ਉਹ ਵਿਅਕਤੀ-ਵਿਸ਼ੇਸ਼ ਨਹੀਂ ਹੈ । ਬਾਣੀ ਵਿਚ ਸੰਤ ਸਭਾ ਦਾ ਜ਼ਿਕਰ ਵੀ ਆਉਂਦਾ ਹੈ, " ਥਾਨੁ ਸੁਹਾਵਾ ਪਵਿਤੁ ਹੈ ਜਿਥੇ ਸੰਤ ਸਭਾ" (੪੪/੯) । ਅੱਜ ਕਲ ਇਸ ਨੂੰ ਸੰਤ-ਸੰਮੇਲਨ ਦੇ ਅਰਥਾਂ ਵਿਚ ਪਰਚਾਰੇ ਜਾਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ । ਸੰਤ ਸਭਾ ਆਦਰਸ਼ ਹੈ ਅਤੇ ਗੁਰੂ ਦੇ ਸਿੱਖਾਂ ਨੇ ਨਾਮ ਅਭਿਆਸ ਰਾਹੀਂ ਅਤੇ ਗੁਰਮਤੀ ਜੀਵਨ ਰਾਹੀਂ, ਇਸ ਆਦਰਸ਼ ਨੂੰ ਪ੍ਰਾਪਤ ਕਰਨਾ ਹੈ । ਸੰਤ-ਸੰਮੇਲਨ ਆਦਰਸ਼ ਨਹੀਂ ਹੈ, ਸਗੋਂ ਵੱਧ ਤੋਂ ਵੱਧ ਇਕ ਖਾਸ ਕਿਸਮ ਦੇ ਬਾਣੇ ਵਾਲਿਆਂ ਦੇ ਖਾਸ ਮੰਤਵ ਲਈ ਕੀਤਾ ਹੋਇਆ ਇਕੱਠ ਹੈ । ਜਿਥੇ ਸੰਤ ਵਿਅਕਤੀ ਰੂਪ ਵਿਚ ਅੱਡ ਹੋਵੇ ਅਤੇ ਸੰਗਤ ਅੱਡ ਹੋਵੇ ਜਾਂ ਜਿਥੇ ਵਿਅਕਤੀ-ਵਿਸ਼ੇਸ਼, ਸੰਗਤੀ-ਸਰਦਾਰੀ ਦਾ ਪ੍ਰਭਾਵ ਦੇਂਦਾ ਹੋਵੇ, ਉਸ ਨੂੰ ਸੰਤ-ਸਭਾ ਨਹੀਂ ਆਖਿਆ ਜਾ ਸਕਦਾ । ਇਸ ਲਈ ਗੁਰਬਾਣੀ ਵਿਚ ਸੰਤ ਬਹੁਤ ਸਾਰੇ ਅਰਥਾਂ ਵਿਚ ਅੱਵਸ਼ ਆਇਆ ਹੈ, ਪਰ ਇਨ੍ਹਾਂ ਅਰਥਾਂ ਵਿਚੋਂ ਕੋਈ ਵੀ ਅਰਥ ਮੌਜੂਦਾ ਸੰਤ-ਸ਼੍ਰੇਣੀ ਜਾਂ ਗੱਦੀਧਾਰੀ ਸੰਤ ਤਕ ਨਹੀਂ ਲੈ ਕੇ ਜਾਂਦਾ । ਗੁਰਮਤਿ ਅਨੁਸਾਰ ਬਾਣੀ ਉਨਾਂ ਚਿਰ ਹੀ ਪਵਿੱਤਰ ਹੈ, ਜਿੰਨਾ ਚਿਰ ਬਾਣਾ, ਸ਼ੋਸ਼ਣ ਦਾ ਮਾਧਿਅਮ ਨਹੀਂ ਬਣਦਾ ਜਾਂ ਬਾਣਾ ਸ਼੍ਰੇਣੀ-ਪ੍ਰਤੀਨਿਧ ਦਾ ਪ੍ਰਤੀਕ ਨਹੀਂ ਬਣਦਾ ਜਾਂ ਬਾਣਾ ਬੰਦੇ ਨੂੰ ਬੰਦੇ ਦਾ ਬੰਦਾ ਹੋਣ ਵਲ ਨਹੀਂ ਧੱਕਦਾ । ਇਨ੍ਹਾਂ ਸਾਰੇ ਪੱਖਾਂ ਨੂੰ ਹੀ ਇਥੇ ਸ਼ੋਸ਼ਣ ਦੀ ਸੰਗਿਆ ਦਿਤੀ ਜਾ ਰਹੀ ਹੈ । ਸੋ " ਹਮ ਸੰਤਨ ਕੀ ਸਰਣਾ" ਵਿਚ ਸ਼ਰਨ, ਸੰਤ-ਗੁਰੂ ਦੀ ਜਾਣਾ ਹੈ ਅਤੇ **ਸਿੱਖਾਂ ਲਈ ਸੰਤ-ਗੁਰੂ ਇਸ ਵੇਲੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ** । ਇਨ੍ਹਾਂ ਅਰਥਾਂ ਵਿਚ 'ਸੰਤ' ਸੰਕਲਪ ਰੂਪ ਵਿਚ ਗੁਰੂ ਦੇ ਸਿੱਖ ਦੀ ਉਡੀਕ ਕਰਦਾ ਹੈ ਅਤੇ ਇਹ ਉਡੀਕ ਮਨ ਦੇ ਸੰਸਿਆਂ ਤੋਂ ਮੁਕਤ ਹੋ ਕੇ, ਸਿਧਿਆਂ ਅਕਾਲ ਪੁਰਖ ਦੀ ਭਗਤੀ ਨਾਲ ਜੋੜਨ ਦੀ ਉਡੀਕ ਹੈ । ਇਸ ਉਡੀਕ ਤੇ ਪੂਰਾ ਉਤਰਨ ਵਾਲਾ ਖਾਲਸਾ ਹੈ ਅਤੇ ਖਾਲਸਾ ਦੇ ਸਰੂਪ ਨੂੰ ਸੰਤ ਦੀ ਸੰਗਿਆ ਦੀ ਲੋੜ ਹੀ ਨਹੀਂ ਹੈ । ਖਾਲਸਾ ਤਾਂ ਅਕਾਲ-ਪੁਰਖ ਸੰਤ ਨਾਲ ਸਿੱਧਾ ਰਿਸ਼ਤਾ ਕਾਇਮ ਕਰਦਾ ਹੈ । ਅਕਾਲ ਪੁਰਖ ਨਾਲ ਜੁੜਨ ਵਿਚ ਜਿਹੜੀਆਂ ਰੁਕਾਵਟਾਂ ਹਨ, ਉਹ ਸ਼ਬਦ-ਗੁਰੂ ਦੇ ਲੜ ਲਗਿਆਂ ਦੂਰ ਹੋ ਸਕਦੀਆਂ ਹਨ । ਅਜਿਹਾ ਵਿਸ਼ਵਾਸ਼ ਗੁਰਬਾਣੀ ਨਾਲ ਜੁੜਿਆਂ ਪ੍ਰਾਪਤ ਹੋ ਸਕਦਾ ਹੈ । ਸ਼ਬਦ-ਗੁਰੂ ਦੀਆਂ ਗੱਲਾਂ ਕਰਨ ਵਾਲੇ ਸਿੱਖ ਮਾਤਰ ਹਨ ਅਤੇ ਸਿੱਖ ਨੂੰ ਸੰਤ ਹੋਣ ਦੇ ਉਚੇਚ ਵਿਚ ਨਹੀਂ ਪੈਣਾ ਚਾਹੀਦਾ । ਇਸ ਤਰ੍ਹਾਂ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ **'ਸੰਤ' ਦੇਹਧਾਰੀ ਸੰਸਥਾ ਨਹੀਂ ਹੈ । ਸੰਤ-ਸਮਾਜ ਨਾਂ ਦੀ ਕਿਸੇ ਸੰਸਥਾ ਨੂੰ ਗੁਰਮਤਿ - ਚਿੰਤਨ ਵਿਚ ਮਾਨਤਾ ਪ੍ਰਾਪਤ ਨਹੀਂ ਹੈ** । ਸੰਸਥਾ ਨ ਹੋਣ ਕਰਕੇ ਸੰਤ, ਵਿਚੋਲਾ ਵੀ ਨਹੀਂ ਹੈ, ਕਿਉਂਕਿ ਸੰਤ ਤਾਂ ਆਦਰਸ਼ ਹੈ, ਮੰਜ਼ਲ ਹੈ । ਮੰਜ਼ਲ, ਵਿਚੋਲਾ ਕਿਵੇਂ ਹੋ ਸਕਦੀ ਹੈ ? ਸੰਤ-ਗੁਰੂ ਦਸ ਪਾਤਸ਼ਾਹੀਆਂ ਸਨ ਅਤੇ ਸੰਤ-ਗੁਰੂਆਂ ਦਾ ਹੁਕਮ ਸਿੱਖ ਨੂੰ ਦੇਹਧਾਰੀ ਅਗਵਾਈ ਤੋਂ ਵਰਜ ਕੇ, ਸ਼ਬਦ-ਗੁਰੂ ਨਾਲ ਜੋੜਦਾ ਹੈ । ਆਦਰਸ਼ ਰੂਪ ਸੰਤ ਨੂੰ ਬੰਦੇ ਨੇ ਮਨ ਸੌਂਪਣਾ ਹੈ ਅਤੇ ਸੁਭਾਅ ਇਹ ਬਣਾਉਣਾ ਹੈ, "**ਇਹੁ ਮਨੁ ਤੇਰਾ ਭਾਈ**" । ਇਸੇ ਨੂੰ ਲਏ ਜਾ ਰਹੇ ਸ਼ਬਦ ਵਿਚ "**ਸੰਤਨ ਕੈ ਪਰਸਾਦੇ**" ਕਿਹਾ ਹੈ । ਸੋ ਸੰਤ ਦਾ ਸਿੱਖ ਪ੍ਰਸੰਗ ਕਾਇਮ ਹੈ ਅਤੇ ਇਸੇ ਪ੍ਰਸੰਗ ਨੂੰ ਇਥੇ ਬਿਆਨ ਕੀਤਾ ਗਿਆ ਹੈ । ਇਹ ਸੱਚ ਅਕਾਲ ਪੁਰਖ ਅਤੇ ਸਿੱਖ ਦੇ ਰਿਸ਼ਤੇ ਨੂੰ ਸਥਾਪਤ ਕਰਦਾ ਹੈ :

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ।।
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ।।

**ਕੋਟਨਿ ਮੈ ਨਾਨਕ ਕੋਊ ਨਾਰਾਇਨ ਜਿਹ ਚੀਤੁ ।।**



www.AKJ.Org

# ਰਿੱਧਿ ਸਿੱਧਿ

(ਭਾਈ ਹੀਰਾ ਸਿੰਘ ਜੀ)

ਹਿੰਦੂ ਗ੍ਰੰਥਕਾਰਾਂ ਨੇ ਸਿੱਧੀ ਦਾ ਬਹੁਤ ਪ੍ਰਚਾਰ ਕੀਤਾ ਹੈ ਅਤੇ ਜੋਗੀਆਂ ਨਾਥਾਂ ਨੇ ਜੋਗਾਭਿਆਸ ਨਾਲ ਆਤਮਕ ਬਲ ਪ੍ਰਾਪਤ ਕਰ ਕੇ ਕਈ ਕਿਸਮ ਦੀਆਂ ਰਿੱਧੀਆ ਸਿੱਧੀਆਂ ਪ੍ਰਚਾਰੀਆਂ ਹਨ ।

**ਰਿੱਧਿ** ਦਾ ਅਰਥ ਹੈ ਵਿਭੂਤਾ, ਸੰਪਦਾ, ਸਮਰਿਧੀ, ਧੰਨ, ਕਾਮਯਾਬੀ, ਸਫਲਤਾ, ਉਨਤੀ, ਤੱਰਕੀ ਆਦਿ । ਪ੍ਰੰਤੂ ਜੋਗੀਆਂ ਨੇ ਰੂਹਾਨੀ ਤਰੱਕੀ ਨਾਲ ਅਸਚਰਜਮਈ ਕੌਤਕਾਂ ਨੂੰ ਰਿੱਧੀ ਮੰਨਿਆ ਹੈ। ਅੰਗ੍ਰੇਜ਼ੀ ਵਿੱਚ ਇਸ ਨੂੰ ਸੁਪਰ ਨੇਚਰਲ ਪਾਵਰ (Super - natural Power) ਕਹਿੰਦੇ ਹਨ ।

**ਸਿੱਧੀ** ਦਾ ਅਰਥ ਹੈ ਕਰਾਮਾਤ, ਅਲੌਕਿਕ ਸ਼ਕਤੀ, ਮੁਕਤੀ ਆਦਿ । ਅੰਗ੍ਰੇਜ਼ੀ ਵਿੱਚ ਇਸ ਨੂੰ ਸੁਪਰ-ਹਿਯੂਮਨ ਪਾਵਰ (Super-human Power) ਆਖਿਆ ਜਾਂਦਾ ਹੈ ।

ਇਨ੍ਹਾਂ ਰਿੱਧੀਆ ਸਿੱਧੀਆਂ ਕਾਰਨ ਹੀ ਜੋਗੀ, ਨਾਥ, ਸੰਤ ਮਹਾਤਮਾ ਅਗਿਆਨਤਾ ਵੱਸ ਲੋਕਾਂ ਨੂੰ ਆਪਣੇ ਮਗਰ ਲਗਾ ਕੇ ਆਪਣੇ ਆਪਣੇ ਅਨੁਯਾਈ ਬਣਾਉਂਦੇ ਰਹੇ ਅਤੇ ਆਪਣੀ ਪੂਜਾ, ਮਾਨਤਾ ਕਰਵਾਉਂਦੇ ਰਹੇ ।

ਉੱਦਮੀ ਮਨੁੱਖ ਆਪਣੀ ਖੁਦਾ ਦਾਦ (ਰੱਬ ਵਲੋਂ ਬਖਸ਼ੀ) ਲਿਆਕਤ, ਉੱਦਮ ਅਤੇ ਲਗਨ ਨਾਲ ਜਿਸ ਕੰਮ ਨੂੰ ਭੀ ਹੱਥ ਪਾਉਂਦਾ ਹੈ, ਉਸ ਨੂੰ ਸਫਲਤਾ ਹੀ ਸਫਲਤਾ ਮਿਲਦੀ ਹੈ ਅਤੇ ਕੰਮ ਉਤੇ ਲਗਾਈ ਥੋੜ੍ਹੀ ਜੇਹੀ ਪੂੰਜੀ ਨੂੰ ਵਧਾਉਂਦਾ ਵਧਾਉਂਦਾ ਇੱਕ ਦਿਨ ਧਨਾਢ ਬਣ ਜਾਂਦਾ ਹੈ । ਜੇ ਉਹ ਮਨੁੱਖ ਉੱਦਮ ਕਰਦਾ ਹੋਇਆ, ਵਾਹਿਗੁਰੂ ਸਿਮਰਨ ਕਰਦਾ ਜਨਤਕ ਸੇਵਾ ਲਈ ਭੀ ਆਪਣਾ ਧਨ ਖਰਚ ਕਰਦਾ ਹੈ ਤਾਂ ਉਸ ਦਾ ਉੱਦਮ ਸ਼ਲਾਘਾਯੋਗ ਹੈ, ਸਤਿਗੁਰੂ ਜੀ ਦਾ ਫੁਰਮਾਨ ਹੈ—

**ਉਦਮੁ ਕਰਿ ਹਰਿ ਜਾਪਣਾ, ਵਡਭਾਗੀ ਧਨੁ ਖਾਟਿ ।।**
**ਸੰਤ ਸੰਗਿ ਹਰਿ ਸਿਮਰਣਾ, ਮਲੁ ਜਨਮ ਜਨਮ ਕੀ ਕਾਟਿ ।।** (ਪੰਨਾ–੪੮)

ਜੋ ਰੱਬ ਨੂੰ ਵਿਸਾਰ ਕੇ ਹੇਰਾ ਫੇਰੀ ਨਾਲ ਧਨ ਜਮ੍ਹਾਂ ਕਰਦਾ ਹੈ ਉਸ ਮਨੁੱਖ ਦੇ ਮੂੰਹ ਤੇ ਗੁਰੂ ਦੀ ਇਹ ਚਪੇੜ ਪੈਂਦੀ ਹੈ—

**ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ,**
**ਤਾ ਕੀ ਮਿਟੈ ਨ ਭੂਖਾ ।।**
**ਉਦਮੁ ਕਰੈ ਸੁਆਨ ਕੀ ਨਿਆਈ, ਚਾਰੇ ਕੁੰਟਾ ਘੋਖਾ ।।**
(ਪੰਨਾ-੬੭੨)

ਸਤਿਗੁਰੂ ਜੀ ਤਾਂ ਸਾਫ ਫੁਰਮਾਉਂਦੇ ਹਨ ਕਿ ਲੋਕੀ ਵਿੰਗੇ ਟੇਢੇ ਤਰੀਕਿਆਂ ਨਾਲ ਮਾਇਆ ਇੱਕਤ੍ਰ ਕਰਦੇ ਹਨ, ਪਰ ਇਹ ਕਿਸੇ ਦੇ ਨਾਲ ਨਹੀਂ ਜਾਂਦੀ ।

**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ।।** (ਪੰਨਾ-੪੧੭)

ਜਿਹੜਾ ਮਨੁੱਖ (ਗੁਰਸਿੱਖ) ਸਤਿਗੁਰੂ ਜੀ ਦੇ ਹੇਠ ਲਿਖੇ ਬਚਨਾਂ ਅਨੁਸਾਰ ਉੱਦਮ ਕਰ ਕੇ ਧਨਵਾਨ ਹੋ ਜਾਂਦਾ ਹੈ ਪਰ ਮਾਇਆ ਦੇ ਖਲਜਗਣ ਵਿੱਚ ਨਹੀਂ ਫਸਦਾ, ਆਪਣੀ ਮਾਇਆ ਨੂੰ ਸਕਾਰਥੇ ਖਰਚਦਾ ਹੈ ਉਹ ਸਮਝੋ ਰਿੱਧੀ ਦੇ ਸਹੀ ਅਰਥਾਂ ਨੂੰ ਜਾਣ ਗਿਆ ਹੈ—

**ਉਦਮ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ।।**
**ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ।।** (ਪੰਨਾ-੫੨੨)

ਜੇ ਉਹ ਗੁਰਸਿੱਖ ਉਲਟੇ ਰਾਹ ਚਲ ਪੈਂਦਾ ਹੈ ਤਾਂ ਇਹੋ ਮਾਇਆ (ਰਿੱਧੀ) ਉਸ ਦੇ ਕਲੇਸ਼ਾਂ ਅਤੇ ਕਸ਼ਟਾਂ ਦਾ ਕਾਰਨ ਬਣ ਜਾਂਦੀ ਹੈ । ਇਸੇ ਲਈ ਸਤਿਗੁਰੂ ਜੀ ਨੇ "ਰਿਧਿ ਸਿਧਿ ਅਵਰਾ ਸਾਦ" ਕਿਹਾ ਹੈ ।

ਸਿੱਧੀਆਂ ਅੱਠ ਪ੍ਰਕਾਰ ਦੀਆਂ ਹਨ ਜੋ ਯੋਗ ਸਾਧਨਾ ਦੁਆਰਾ ਪ੍ਰਾਪਤ ਕੀਤੀਆਂ ਦੱਸੀਆਂ ਜਾਂਦੀਆਂ ਹਨ ਇਹ ਇਉਂ ਹਨ-

੧. ਅਣਿਮਾ-ਬਹੁਤ ਛੋਟਾ ਹੋ ਜਾਣਾ ।
੨. ਮਹਿਮਾ-ਬਹੁਤ ਵੱਡਾ ਹੋ ਜਾਣਾ ।
੩. ਗਰਿਮਾ - ਭਾਰੀ ਹੋ ਜਾਣਾ ।
੪. ਲਘਿਮਾ - ਹੌਲਾ ਹੋ ਜਾਣਾ ।
੫. ਪ੍ਰਾਪਤਿ -ਮਨ-ਵਾਂਛਿਤ ਵਸਤੂ ਹਾਸਲ ਕਰ ਲੈਣੀ ।
੬. ਪ੍ਰਕਾਮਯ-ਸਭ ਦੇ ਮਨ ਦੀ ਜਾਣ ਲੈਣੀ ।
੭. ਈਸ਼ਿਤਾ : ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰ ਲੈਣਾ ।
੮. ਵਸ਼ਿਤਾ : ਸਭ ਨੂੰ ਆਪਣੇ ਵੱਸ ਕਰ ਲੈਣਾ ।

ਇਨ੍ਹਾਂ ਸਿੱਧੀਆਂ ਬਾਰੇ ਸਤਿਗੁਰੂ ਜੀ ਨੇ ਫੁਰਮਾਇਆ ਹੈ-

**ਅਸਟ ਸਿਧਿ ਨਵਨਿਧਿ ਏਹ ।। ਕਰਮ ਪਰਾਪਤ ਜਿਸੁ ਨਾਮੁ ਦੇਹ ।** (ਪੰਨਾ–੧੧੯੪)

ਇਨ੍ਹਾਂ ਤੋਂ ਇਲਾਵਾ (ਬਿਨਾ) ਦੱਸ ਸਿੱਧੀਆਂ ਹੋਰ ਭੀ ਹਨ ਜੋ ਇਹ ਹਨ—



www.AKJ.Org

੧. ਅਨੁਰਮਿ- ਭੁੱਖ ਤ੍ਰੇਹ ਨਾ ਲੱਗਣੀ ।
੨. ਦੂਰ ਸ੍ਰਵਣ- ਦੂਰੋਂ ਸਭ ਦੀ ਗੱਲ ਸੁਣ ਲੈਣੀ ।
੩. ਦੂਰ ਦਰਸ਼ਨ-ਦੂਰ ਦੇ ਨਜ਼ਾਰੇ ਘਰ ਬੈਠਿਆਂ ਦੇਖਣੇ।
੪. ਮਨੋਵੇਗ- ਮਨ ਦੀ ਚਾਲ ਬਰਾਬਰ ਜਲਦੀ ਜਾਣਾ ।
੫. ਕਾਮ ਰੂਪ-ਮਨ ਇੱਛਤ ਰੂਪ ਧਾਰਨਾ ।
੬. ਪਰ-ਕਾਯਾਂ ਪ੍ਰਵੇਸ਼-ਦੂਸਰੇ ਸਰੀਰ ਵਿੱਚ ਘੁਸ ਜਾਣਾ ।
੭. ਸ੍ਵਛੰਦ ਮ੍ਰਿਤੂ - ਆਪਣੀ ਮਰਜ਼ੀ ਨਾਲ ਮਰਨਾ ।
੮. ਸੁਰ ਕ੍ਰੀੜਾ-ਦੇਵਤਿਆਂ ਨਾਲ ਖੇਲ੍ਹਣਾ ।
੯. ਸੰਕਲਪ ਸਿੱਧੀ-ਮਨ ਵਿੱਚ ਚਿਤਵਿਆ ਪੂਰਾ ਹੋ ਜਾਣਾ ।
੧੦. ਅਪ੍ਰਤਿਹਤ ਮਤਿ-ਕਿਧਰੇ ਵੀ ਜਾਣ ਵਿੱਚ ਰੁਕਾਵਟ ਨਾ ਪੈਣੀ ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਗੁਰਸਿੱਖ ਗੁਰਸ਼ਬਦ ਨਾਲ ਸੁਰਤਿ ਜੋੜ ਕੇ ਨਾਮਾਭਿਆਸ ਕਰਦੇ ਹਨ, ਇਹ ਰਿੱਧੀਆਂ ਸਿੱਧੀਆਂ ਉਨ੍ਹਾਂ ਦੇ ਮਗਰ ਮਗਰ ਫਿਰਦੀਆਂ ਹਨ—

**ਬ੍ਰਹਮੁ ਬਿੰਦੇ ਤਿਸ ਦਾ ਬ੍ਰਹਮਤੁ ਰਹੈ,**
**ਏਕ ਸਬਦਿ ਲਿਵਲਾਇ ॥**
**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ,**
**ਜੋ ਹਰਿ ਹਿਰਦੈ ਸਦਾ ਵਸਾਇ ॥** (ਪੰਨਾ–੬੪੯)

ਨਿੱਧੀਆਂ ਭੀ ਨੌਂ ਮੰਨੀਆਂ ਗਈਆਂ ਹਨ ਜੋ ਇਹ ਹਨ—

(੧) ਪਦਮ (੨) ਮਹਾ ਪਦਮ (੩) ਸੰਖ (੪) ਮਕਰ (੫) ਕੱਛਪ (੬) ਮੁਕੰਦ (੭) ਕੁੰਦ (੮) ਨੀਲ (੯) ਵਰਚ ।

ਸੁਖਮਨੀ ਸਾਹਿਬ ਵਿੱਚ ਲਿਖਿਆ ਹੋਇਆ ਹੈ—

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥**
**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥**
(ਪੰਨਾ-੨੬੨)

ਗੁਰਮਤਿ ਅੰਦਰ ਇਨ੍ਹਾਂ ਰਿੱਧੀਆਂ ਸਿੱਧੀਆਂ ਨੂੰ ਮਨੁੱਖ ਦਾ ਭਰਮ ਤੇ ਅਗਿਆਨ ਕਰਕੇ ਦੱਸਿਆ ਹੈ ਕਿਉਂਕਿ ਮਾਇਆ ਦਾ ਮੋਹ (ਧੰਨ, ਦੌਲਤ, ਸੰਪਤੀ) ਛਾਇਆ ਦੀ ਤਰ੍ਹਾਂ ਹੈ ਜੋ ਅੰਤ ਨੂੰ ਢਲ ਜਾਂਦੀ ਹੈ ਅਤੇ ਸਿੱਧੀਆਂ ਨਾਲ ਮਨੁੱਖ ਦੁਨੀਆਂ ਦੀ ਵਾਹ ਵਾਹ ਦੇ ਪਰਪੰਚ ਵਿੱਚ ਹੀ ਫਸਿਆ ਰਹਿ ਜਾਂਦਾ ਹੈ ਅਤੇ ਨਾਮ ਸਿਮਰਨ ਦਾ ਵੇਲਾ (ਮਨੁੱਖਾ ਜਨਮ) ਐਵੇਂ ਹੀ ਬੀਤ ਜਾਂਦਾ ਹੈ । ਇਸੇ ਵਾਸਤੇ ਸਤਿਗੁਰੂ ਜੀ ਗੁਰਸਿੱਖਾਂ ਨੂੰ ਚਿਤਾਵਨੀ ਦਿੰਦੇ ਹਨ :

**ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ।**
(ਪੰਨਾ-੫੯੩)

ਅਸਲ ਵਿੱਚ ਪਰਮਾਤਮਾ ਨੇ "**ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥**" (ਜਪੁ) ਦੇ ਸਿਧਾਂਤ ਅਨੁਸਾਰ ਬੇਓੜਕ ਤੇ ਬੇਬਹਾ ਨੇਅਮਤਾਂ ਦੇ ਭੰਡਾਰ ਰਚੇ ਹੋਏ ਹਨ । ਇਨ੍ਹਾਂ ਨੇਅਮਤਾਂ ਨੂੰ ਹੀ ਰਿੱਧੀਆਂ ਸਿੱਧੀਆਂ ਆਖਿਆ ਜਾਂਦਾ ਹੈ । ਤਾਂ ਤੇ—

੧) ਰਿਧਿ ਉਹ ਨੇਅਮਤਾਂ ਹਨ ਜੋ ਧਨ ਦੌਲਤ ਦੀ ਕਮਾਈ ਨਾਲ ਪ੍ਰਾਪਤ ਹੁੰਦੀਆਂ ਹਨ ।
੨) ਸਿਧਿ ਉਹ ਨੇਅਮਤਾਂ ਹਨ ਜੋ ਇਲਮ (ਵਿਦਿਆ) ਨੂੰ ਪ੍ਰਾਪਤ ਹੁੰਦੀਆਂ ਹਨ ।

ਰਿੱਧੀ ਦੇ ਕਈ ਵਸੀਲੇ ਹਨ ਜਿਨ੍ਹਾਂ ਵਿੱਚ ਖੇਤੀ ਬਾੜੀ, ਵਣਜ ਵਿਉਪਾਰ, ਨੌਕਰੀ ਚਾਕਰੀ, ਗਦਾਗਰੀ (ਭਿੱਖ ਮੰਗਣਾ) ਮੁੱਖ ਹਨ। ਕਈ ਚਲਾਕ ਬੰਦੇ, ਇਨ੍ਹਾਂ ਵਸੀਲਿਆਂ ਰਾਹੀਂ ਸਿੱਧੇ ਪੁੱਠੇ ਤਰੀਕਿਆਂ ਨਾਲ ਮਾਇਆ ਬਟੋਰ ਕੇ ਧਨਾਢ (ਦੌਲਤ ਮੰਦ) ਬਣ ਜਾਂਦੇ ਹਨ । ਇਸ ਧਨ (ਰਿਧਿ) ਨਾਲ ਉਨ੍ਹਾਂ ਅੰਦਰ ਸਰਦਾਰੀ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ । ਅਜੇਹੇ ਲੋਕ ਪੈਸੇ ਦੇ ਜ਼ੋਰ ਨਾਲ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ, ਸਸਤੇ ਭਾਅ ਜਿਣਸਾਂ ਖ੍ਰੀਦ ਕੇ ਜ਼ਖੀਰਾ ਅੰਦੋਜ਼ੀ ਕਰ ਲੈਂਦੇ ਹਨ ਅਤੇ ਜਨਤਾ ਨੂੰ ਮਹਿੰਗੇ ਭਾਅ ਵੇਚਦੇ ਹਨ । ਚੀਜਾਂ ਵਿੱਚ ਮਿਲਾਵਟ ਕਰਕੇ ਵੇਚਦੇ ਤੇ ਲੋਕਾਂ ਦੀ ਸੇਹਤ ਵਿਗਾੜਦੇ ਹਨ । ਰਾਸ਼ਨ ਬੰਦੀ ਵਾਲੀਆਂ ਚੀਜ਼ਾਂ ਦਬਾ ਲੈਂਦੇ ਹਨ ਅਤੇ ਬਲੈਕ ਵਿੱਚ ਵੇਚਦੇ ਹਨ ।ਅਜੇਹੀ ਬਲੈਕ ਮੇਲ ਠੱਗੀ ਨੂੰ ਗੁਰਮਤਿ ਅੰਦਰ ਖੰਡਿਆ ਗਿਆ ਹੈ—

**ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥**
**ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥** (ਪੰਨਾ–੮੯੪)

ਜਿਹੜੇ ਧਨਾਢ ਬੰਦੇ ਆਪਣੀ ਮਾਇਆ ਨੂੰ ਧਰਮ ਅਰਥ ਲਾਉਂਦੇ ਹਨ ਉਨ੍ਹਾਂ ਦੇ ਮਨ ਵਿੱਚ ਅਗਲੇ ਜਨਮ ਹਜ਼ਾਰ ਗੁਣਾ ਮਿਲਣ ਦੀ ਆਸ ਹੁੰਦਾ ਹੈ ਜਾਂ ਫਿਰ ਉਹ ਲੋਕਾਂ ਦੀ ਵਾਹ ਵਾਹ ਦੇ ਖਿਆਲ ਨਾਲ ਮਾਇਆ ਧਰਮ ਅਰਥ ਖਰਚਦੇ ਹਨ । ਗੁਰੂ ਜੀ ਨੇ ਆਸਾ ਦੀ ਵਾਰ ਵਿੱਚ ਸਾਫ ਲਿਖਿਆ ਹੈ—


www.AKJ.Org

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ।।
ਦੇ ਦੇ ਮੰਗਹਿ ਸਹਸਾ ਗੂਣਾ, ਸੋਭ ਕਰੇ ਸੰਸਾਰੁ ।।
(ਪੰਨਾ-੪੬੬)

ਧਨ ਦੇ ਲਾਲਚੀਆਂ ਨੂੰ ਸਤਿਗੁਰੂ ਤੇਗ ਬਹਾਦਰ ਜੀ ਕੈਸਾ ਉਪਦੇਸ਼ ਦਿੰਦੇ ਹਨ–

ਬਿਰਥਾ ਕਹਉ ਕਉਨ ਸਿਉ ਮਨ ਕੀ ।।
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ।।
ਆਸਾ ਲਾਗਿਓ ਧਨ ਕੀ ।।੧।। ਰਹਾਉ ।।
ਸੁਖ ਕੈ ਹੇਤ ਬਹੁਤੁ ਦੁਖੁ ਪਾਵਤ,
ਸੇਵ ਕਰਤ ਜਨ ਜਨ ਕੀ ।।
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,
ਨਹ ਸੁਧ ਰਾਮ ਭਜਨ ਕੀ ।।੧।।
ਮਾਣਸ ਜਨਮ ਅਕਾਰਥ ਖੋਵਤ,
ਲਾਜ ਨ ਲੋਕ ਹਸਨ ਕੀ ।।
ਨਾਨਕ ਹਰਿ ਜਸੁ ਕਿਉ ਨਹੀ ਗਾਵਤ,
ਕੁਮਤਿ ਬਿਨਾਸੈ ਤਨ ਕੀ ।।੨।। (ਪੰਨਾ–੪੧੧)

ਸਿੱਧੀ ਇਲਮ (ਵਿਦਿਆ) ਹੈ । ਇਸ ਦੀਆਂ ਕਈ ਸ਼ਾਖਾਂ ਹਨ ਜਿਵੇਂ, ਵਿਗਿਆਨ, ਇਤਿਹਾਸ, ਭੂਗੋਲ, ਸਾਹਿਤ, ਹੁਨਰ, ਕਾਰੀਗਰੀ ਆਦਿ । ਇਨ੍ਹਾਂ ਦੀਆਂ ਅਗੋਂ ਹੋਰ ਸ਼ਾਖਾਂ ਹਨ ਜਿਵੇਂ ਮਾਨਵੀ ਵਿਦਿਆ, ਨਯਾਯ, ਧਰਮ, ਬ੍ਰਹਮ ਵਿਦਿਆ, ਜੋਤਿਸ਼, ਨੀਤੀ, ਖਗੋਲ, ਪਦਾਰਥ, ਰਸਾਇਣ, ਬਨਸਪਤੀ, ਧਾਤੂ, ਅੰਗ ਸਰੀਰ ਵਿਦਿਆ, ਖੇਤੀ ਬਾੜੀ, ਇੰਜੀਨੀਅਰੀ ਆਦਿ ।

ਸਿੱਧੀ ਨੂੰ ਦੈਵੀ ਸ਼ਕਤੀ ਮੰਨਿਆ ਗਿਆ ਹੈ । ਕਈ ਤਰ੍ਹਾਂ ਦੇ ਇਲਮ ਪੜ੍ਹ ਕੇ ਕਈ ਮਨੁੱਖ ਅਲੌਕਿਕ ਸ਼ਕਤੀਆਂ ਦੇ ਮਾਲਿਕ ਬਣ ਜਾਂਦੇ ਹਨ ਪਰ ਲੋਕਾਂ ਵਿੱਚ ਜੋਗੀਆਂ ਨਾਥਾਂ ਦੀਆਂ ਪਰਚਾਰੀਆਂ ਸਿੱਧੀਆਂ ਹੀ ਮੰਨੀਆਂ ਜਾਂਦੀਆ ਹਨ ।

ਨਵੰਬਰ ੧੯੭੦ ਦੀ ਗੱਲ ਹੈ ਕਿ ੧੧੯ ਸਾਲ ਦਾ ਬਿਰਧ ਬਾਬਾ ਸਾਧੂ ਸਿੰਘ ਜੀ ਗੁਰਦਵਾਰਾ ਸਿੰਘ ਸਭਾ, ਡੁਡਵਾੜਾ, ਜ਼ਿਲਾ ਏਟਾ (ਯੂ.ਪੀ) ਵਿਖੇ ਸਹਿਯੋਗ ਨਾਲ ਬ੍ਰਹਮ-ਅਗਨੀ ਪ੍ਰਦੀਪ ਕਰਕੇ ਆਪਣੀ ਇੱਛਾ ਅਨੁਸਾਰ ਕਾਲ ਵੱਸ ਹੋ ਗਿਆ ਸੀ । ਅਸਚਰਜ ਦੀ ਗੱਲ ਇਹ ਸੀ ਕਿ ਉਸ ਦਾ ਸਰੀਰ ਤਾਂ ਬ੍ਰਹਮ-ਅਗਨੀ ਨਾਲ ਭਸਮ ਹੁੰਦਾ ਗਿਆ ਪਰ ਉਸ ਦੇ ਵਸਤ੍ਰਾਂ ਹੇਠਾਂ ਵਿਛਾਈ ਹੋਈ ਚਿਟਾਈ ਆਦਿ ਨੂੰ ਅੱਗ ਨਹੀਂ ਸੀ ਲੱਗੀ । ਗੁਰਮਤਿ ਅੰਦਰ ਇਨ੍ਹਾਂ ਸਿੱਧੀਆਂ ਨੂੰ "ਨਾਮ" ਦੇ ਤੁੱਲ ਨਹੀਂ ਸਮਝਿਆ ਸਗੋਂ ਇਨ੍ਹਾਂ ਨੂੰ ਖੰਡਿਆ ਹੀ ਹੈ । ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ–

ਸਿਧੁ ਹੋਵਾ ਸਿਧਿ ਲਾਈ, ਰਿਧਿ ਆਖਾ ਆਉ ।।
ਗੁਪਤੁ ਪਰਗਟੁ ਹੋਇ ਬੈਸਾ, ਲੋਕੁ ਰਾਖੈ ਭਾਉ ।।
ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ।। (ਪੰਨਾ–੧੪)

ਸਤਿਗੁਰੂ ਸਾਹਿਬਾਨ ਨੇ ਸਾਰੀ ਦੁਨਿਆਵੀ ਨੇਅਮਤਾਂ (ਜਾਹੋ-ਜਲਾਲ) ਦੇ ਭੰਡਾਰ, ਵਾਹਿਗੁਰੂ ਨਾਮ ਨੂੰ ਹੀ ਮਹਾਨ ਰਿੱਧਿ ਸਿੱਧਿ ਮੰਨਿਆ ਹੈ ।

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ,
ਧਿਗੁ ਸਿਧੀ ਧਿਗੁ ਕਰਮਾਤ ।।
ਸਾ ਸਿਧਿ ਸਾ ਕਰਮਾਤਿ ਹੈ,
ਅਚਿੰਤੁ ਕਰੇ ਜਿਸੁ ਦਾਤਿ ।।
ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ,
ਏਹ ਸਿਧਿ ਏਹਾ ਕਰਮਾਤਿ ।। (ਪੰਨਾ–੬੫੦)

ਅੱਜ ਕਲ ਦੇ ਸਾਇੰਸਦਾਨਾਂ ਨੇ ਕਈ ਨਵੀਆਂ ਨਵੀਆਂ ਅਨੋਖੀਆਂ ਕਾਢਾਂ ਕੱਢ ਕੇ ਜੋਗੀਆਂ ਦੀਆਂ ਰਿੱਧੀਆਂ ਸਿੱਧੀਆਂ ਨੂੰ ਮਾਤ ਕਰ ਦਿੱਤਾ ਹੈ ਜਿਵੇਂ –

ੳ) ਡਾਕਟਰ ਲੋਕ ਜਨਤਾ ਨੂੰ ਸੰਜਮ ਦੱਸ ਕੇ ਪੁਤਲੇ ਬਣਾ ਦਿੰਦੇ ਹਨ । ਕਈ ਤਰ੍ਹਾਂ ਦੀਆਂ ਵਰਜਿਸ਼ਾਂ ਦੱਸ ਕੇ ਅਤੇ ਚੰਗੇਰੀ ਖੁਰਾਕ ਨਾਲ ਸਰੀਰ ਦਾ ਭਾਰ ਵਧਾ ਦਿੰਦੇ ਹਨ । ਇਸ ਤਰ੍ਹਾਂ ਜੋਗੀਆਂ ਦੀਆਂ ਪਹਿਲੀਆਂ ਚਾਰ ਸਿੱਧੀਆਂ ਮਨੁੱਖ ਨੂੰ ਪ੍ਰਾਪਤ ਹੋ ਜਾਂਦੀਆ ਹਨ ।

ਅ) ਮਿਹਨਤ ਕਰ ਕੇ ਹਰੇਕ ਮਨੁੱਖ ਧੰਨ ਕਮਾ ਕੇ ਆਪਣੀਆਂ ਲੋੜਾਂ ਪੂਰੀਆਂ ਕਰ ਲੈਂਦਾ ਹੈ ।

ੲ) ਅਕਲ ਤੇ ਦਾਨਾਈ (ਸਿਆਣਪ) ਨਾਲ ਸਭ ਦੇ ਮਨ ਦੀ ਬੁੱਝ ਕੇ, ਆਪਣੀ ਇੱਛਾ ਮੁਤਾਬਿ ਪ੍ਰੇਰ ਲੈਂਦਾ ਹੈ ਅਤੇ ਕਈ ਅੱਕੜਾਂ ਤੇ ਕਾਬੂ ਪਾ ਲੈਂਦਾ ।

ਸ) ਸਾਇੰਸਦਾਨਾਂ ਨੇ ਐਸੇ ਯੰਤਰ, ਮਸ਼ੀਨਾਂ ਆਦਿ ਬਣਾ ਲਈਆਂ ਹਨ ਕਿ ਮਨੁੱਖ ਦੰਗ ਰਹਿ ਗਿਆ ਹੈ । ਕੈਮਰਾ, ਵਾਇਰਲੈਸ, ਟੈਲੀਫੋਨ, ਟੈਲੀਵੀਜ਼ਨ, ਟੇਪਰਿਕਾਰਡਰ, ਰਾਡਾਰ, ਟੈਲੀਪ੍ਰਿੰਟਰ, ਹਵਾਈ ਜਹਾਜ਼, ਰਾਕਟ, ਆਦਿ ਹੈਰਾਨ ਕਰਨ ਵਾਲੇ ਯੰਤਰ ਹੀ ਹਨ ।

ਪੁਰਾਣੇ ਜ਼ਮਾਨੇ ਵਿੱਚ ਵੀ ਅਜੇਹੀਆਂ ਹੈਰਾਨਕੁੰਨ ਕਾਢਾਂ ਬਹੁਤ ਸਨ । ਸੱਤਰ ਅੱਸੀ ਸਾਲ ਹੋਏ ਇੱਕ ਪੰਜਾਬੀ ਤਰਖਾਣ ਨੇ ਵਿਰੋਧੀ ਲੱਕੜੀਆਂ ਨਾਲ ਇੱਕ ਉੱਡਣ ਖਟੋਲਾ ਬਣਾਇਆ ਸੀ ਜੋ ਉਸ ਨੂੰ ਲੈ ਕੇ ਉੱਡਿਆ ਪਰ ਉਸ ਨੂੰ ਕੰਟਰੋਲ ਕਰਨਾ ਨਾ ਆਇਆ । ਉਹ ੫੦/੬੦ ਮੀਲ ਜਾ ਕੇ ਡਿਗ ਕੇ ਤਬਾਹ ਹੋ ਗਿਆ ।


www.AKJ.Org

ਮਾਰਵਾੜ ਦੇ ਇੱਕ ਵੈਦ ਪਾਸ ਇੱਕ ਬੂਟੀ ਸੀ ਜਿਸ ਨਾਲ ਉਹ ਬਿਨਾ ਕਿਸੇ ਦਰਦ ਤਕਲੀਫ ਦੇ ਮਰੀਜਾਂ ਦੇ ਉਪ੍ਰੇਸ਼ਨ ਕਰਦਾ ਸੀ ।

ਗੁਰਮਤਿ ਅੰਦਰ ਇਨ੍ਹਾਂ ਸਾਰੀਆਂ ਨੇਅਮਤਾਂ, ਰਿੱਧੀਆਂ ਸਿੱਧੀਆਂ ਨੂੰ ਮਨੁੱਖ ਦਾ ਅਸਲੀ ਜੀਵਨ ਮਨੋਰਥ ਨਹੀਂ ਮੰਨਿਆ । ਗੁਰਮਤਿ ਤਾਂ ਇਉਂ ਕਹਿਦੀ ਹੈ—

ਸੁਖੁ ਨਾਹੀ ਬਹੁਤ ਧਨਿ ਖਾਟੇ ।।
ਸੁਖੁ ਨਾਹੀ ਪੇਖੇ ਨਿਰਤਿ ਨਾਟੇ ।।
ਸੁਖੁ ਨਾਹੀ ਬਹੁ ਦੇਸ ਕਮਾਏ ।।
ਸਰਬ ਸੁਖਾ ਹਰਿ ਹਰਿ ਗੁਣ ਗਾਏ ।। (ਪੰਨਾ-੧੧੪੭)

ਅਤੇ—

ਸੁਨਿ ਮਨ ਅਕਥ ਕਥਾ ਹਰਿਨਾਮੁ ।।
ਰਿਧਿ ਬੁਧਿ ਸਿਧਿ ਸੁਖ ਪਾਵਹਿ
ਭਜੁ ਗੁਰਮਤਿ ਹਰਿ ਰਾਮ ਰਾਮ ।। (ਪੰਨਾ-੭੧੯)

ਗੁਰਮਤਿ ਇਹ ਭੀ ਦੱਸਦੀ ਹੈ ਕਿ ਸਿੱਧੀਆਂ ਨਾਮ ਸਿਮਰਨ ਵਾਲੇ ਦੀ ਹਥੇਲੀ ਤੇ ਪਈਆਂ ਰਹਿੰਦੀਆਂ ਹਨ-

ਰਿਧਿ ਸਿਧਿ ਨਿਧਿ ਕਰ ਤਲ ਜਗਜੀਵਨ,
ਸ੍ਰਬ ਨਾਥ ਅਨੇਕੈ ਨਾਉ ।। (ਪੰਨਾ-੫੩੬)

ਸਤਿਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਸਾਰੀਆਂ ਰਿੱਧੀਆਂ ਸਿੱਧੀਆਂ ਬਖਸ਼ਨ ਵਾਲਾ ਅਕਾਲ ਪੁਰਖ ਆਪ ਹੈ । ਗੁਰੂ ਕੇ ਸਿੰਘ ਰਿੱਧੀਆਂ ਸਿੱਧੀਆਂ ਮਗਰ ਨਹੀਂ ਜਾਂਦੇ, ਨਾਮ ਸਿਮਰਨ ਵਿੱਚ ਹੀ ਮਗਨ ਰਹਿੰਦੇ ਹਨ ।

ਸਦਾ ਸਿਧਿ ਦਾ ਬੁਧ ਦਾ ਬ੍ਰਿਧਿ ਕਰਤਾ ।।
ਅਧੋ ਉਰਧ ਅਰਧੰ ਅਘੰ ਓਘ ਹਰਤਾ ।। ੫੯ ।।
ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ ।।
ਸਦਾ ਸਰਬਦਾ ਸਿੱਧਿ ਦਾਤਾ ਦਯਾਲੰ ।। ੬੦ ।। (ਜਾਪੁ)

ਤਾਂ ਤੇ ਖਾਲਸਾ ਵੀਰੋ ਭੈਣੋਂ ! ਵਾਹਿਗੁਰੂ ਨਾਮ ਸਿਮਰਨ ਵਿੱਚ ਹੀ ਸੱਭ ਰਿੱਧੀਆਂ ਸਿੱਧੀਆਂ ਹਨ । ਨਾਮ ਸਿਮਰਨ ਕਰਨ ਵਾਲਾ ਖਾਲਸਾ ਸਾਰੇ ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਦਾ ਹੋਇਆ ਅੰਤ ਨੂੰ ਨੌ ਨਿਧੀਆਂ, ਸਾਰੀਆਂ ਰਿੱਧੀਆਂ ਸਿੱਧੀਆਂ ਦੇ ਭੰਡਾਰ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ ।

ਨਉ ਨਿਧਿ ਪਾਈ, ਵਜੀ ਵਾਧਾਈ,
ਵਾਜੇ ਅਨਹਦ ਤੂਰੇ ।।
ਕਹੁ ਨਾਨਕ ਮੈ ਵਰੁ ਘਰਿ ਪਾਇਆ,
ਮੇਰੇ ਲਾਥੇ ਜੀ ਸਗਲ ਵਿਸੂਰੇ ।। (ਪੰਨਾ-੫੭੭)

# ਬਾਝ ਗੁਰੂ ਡੁੱਬਾ ਸੰਸਾਰ

(ਤਾਰਾ ਸਿੰਘ ਕਰੀਰ)

ਗੁਰੂ ਬਿਨਾ ਨਾ ਆਵੇ ਜੁਗਤੀ।
ਬਿਨਾ ਗੁਰੂ ਨ ਹੋਵੇ ਮੁਕਤੀ ।
ਬਿਨ ਗੁਰ ਸੋਝੀ ਮੂਲ ਨ ਆਵੇ ।
ਨਿਗੁਰੇ ਡਿੱਠੇ ਮੈਂ ਮਰਦੇ ਹਾਵੇ ।
ਗਿੱਦੜੋਂ ਸ਼ੇਰ ਕਰੇ ਦਾਤਾਰ ।
ਬਾਝ ਗੁਰੂ ਡੁੱਬਾ ਸੰਸਾਰ ।

ਅੰਮ੍ਰਿਤ ਛਕਕੇ ਸਿੰਘ ਸਜੇ ਜੋ ।
ਸਵਾਲਾਖ ਸੇ ਏਕ ਲੜੇ ਉਹ ।
ਧਾਰ ਕਕਾਰ ਜੋ ਸਿਮਰਨ ਕਰੇ ।
ਹੁਕਮ ਗੁਰਾਂ ਦਾ ਮੱਥੇ ਧਰੇ ।
ਮਸਤਕ ਹੱਥ ਧਰੇ ਕਰਤਾਰ ।
ਬਾਝ ਗੁਰੂ ਡੁੱਬਾ ਸੰਸਾਰ ।

ਦਿਨ ਚੜ੍ਹੇ ਫਿਰ ਬਾਣੀ ਗਾਵੇ ।
ਹਰ ਵੇਲੇ ਹਰਿ ਨਾਮ ਧਿਆਵੇ ।
ਧਰਮ ਕਿਰਤ ਕਰ ਪਾਪੋਂ ਡਰੇ ।
ਪਰ ਧਨ ਰੂਪ ਅੱਖ ਨ ਧਰੇ ।
ਸਦਾ ਹੀ ਰੱਖੇ ਉਚ ਵੀਚਾਰ ।
ਬਾਝ ਗੁਰੂ ਡੁੱਬਾ ਸੰਸਾਰ ।

ਗੁਰ ਉਪਦੇਸ਼ ਜੋ ਰਿਦੇ ਵਸਾਵੇ ।
ਦਸਵੰਧ ਕੱਢ ਫਿਰ ਵੰਡ ਛਕਾਵੇ ।
ਗੁਰਸਿਖ ਡਿਗਿਆ ਆਪ ਉਠਾਵੇ ।
ਨਿਰਧਨ ਬਿਰਧਾਂ ਸੇਵ ਕਮਾਵੇ ।
ਹੋ ਗੁਰਾਂ ਤੋਂ ਸਦਾ ਬਲਿਹਾਰ ।
ਬਾਝ ਗੁਰੂ ਡੁੱਬਾ ਸੰਸਾਰ ।

ਜੋ ਗੁਰਬਾਣੀ ਸਦਾ ਹੀ ਬੋਲੇ ।
ਹਿਰਦਾ ਉਸਦਾ ਕਦੇ ਨਾ ਡੋਲੇ ।
ਏਕ ਅਕਾਲ ਪੁਰਖ ਨੂੰ ਜਾਪੇ ।
ਉਸਨੂੰ ਰੋਗ ਸੋਗ ਨਾ ਤਾਪੇ ।
ਢੈ ਚਰਨੀ ਕਰ ਨਮਸਕਾਰ ।
ਬਾਝ ਗੁਰੂ ਡੁੱਬਾ ਸੰਸਾਰ ।

ਪੀ ਅੰਮ੍ਰਿਤ ਬੰਦ-ਬੰਦ ਕਟਵਾਏ ਨੇ ।
ਤਨੁ ਆਰਿਆ ਨਾਲ ਚਿਰਾਏ ਨੇ ।
ਕਈ ਇੰਜਣਾਂ ਹੇਠ ਪਿਸਾਏ ਨੇ ।
ਨਾਲ ਰੰਬੀ ਖੋਪਰ ਲੁਹਾਏ ਨੇ ।
ਕੀਤਾ ਮੌਤ ਨੂੰ ਖੂਬ ਪਿਆਰ ।
ਬਾਝ ਗੁਰੂ ਡੁੱਬਾ ਸੰਸਾਰ ।



www.AKJ.Org

# "ਗੁਰਦੁਆਰਿਆਂ ਵਿੱਚ ਪਤਾਸਿਆਂ ਦਾ ਪ੍ਰਸ਼ਾਦ"

ਨਿਰਮਲ ਸਿੰਘ ਖਲੀ ਖੁਰਦ (ਰੋਪੜ)

ਕੀ ਅਸੀਂ ਕਦੇ ਇਹ ਸੋਚਿਆ ਹੈ ਕਿ ਗੁਰਦੁਆਰਿਆਂ ਵਿੱਚ ਵਰਤਾਇਆ ਜਾਣ ਵਾਲਾ ਪਤਾਸਿਆਂ ਦਾ ਪ੍ਰਸ਼ਾਦ ਕਿਵੇਂ ਬਣਦਾ ਹੈ ਤੇ ਕਿਵੇਂ ਸਾਡੇ ਤੀਕ ਪਹੁੰਚਦਾ ਹੈ ? ੯੫ਫ਼ੀ ਸਦੀ ਪਤਾਸੇ ਬਣਾਉਣ ਵਾਲੇ ਕਾਰੀਗਰ ਜਾਂ ਮਜ਼ਦੂਰ ਲੋਕ ਗੰਦੇ, ਕੁਚੀਲ ਤੇ ਸਿਗਰਟ ਨੋਸ਼ ਵੇਖੇ ਜਾਂਦੇ ਹਨ । ਇਨ੍ਹਾਂ ਦੇ ਤਨ ਦੇ ਬਸਤਰ ਵੀ ਅਤਿ ਮਲੀਨ ਹੁੰਦੇ ਹਨ । ਜੂਠ-ਸੁੱਚਮ ਦਾ ਤਾਂ ਇਹ ਉੱਕਾ ਹੀ ਖਿਆਲ ਨਹੀਂ ਕਰਦੇ । ਕੰਮ ਕਰਦਿਆਂ ਹੀ ਸਿਗਰਟ-ਬੀੜੀ ਦੀ ਸੁਆਹ ਪਤਾਸਿਆਂ ਜਾਂ ਹੋਰ ਬਣਨ ਵਾਲੀਆਂ ਵਸਤਾਂ ਵਿੱਚ ਝੜਦੀ ਰਹਿੰਦੀ ਹੈ । ਅਫਸੋਸ ਕਿ ਅਜਿਹੇ ਘ੍ਰਿਣਤ ਤਰੀਕੇ ਨਾਲ ਤਿਆਰ ਹੋਏ ਪਤਾਸੇ ਗੁਰੂ-ਘਰਾਂ ਵਿੱਚ ਪ੍ਰਸ਼ਾਦ ਸਮਝ ਕੇ ਵੰਡੇ ਵਰਤਾਏ ਜਾਂਦੇ ਹਨ । ਇਥੇ ਹੀ ਬੱਸ ਨਹੀਂ ਇਨ੍ਹਾਂ ਪਤਾਸਿਆਂ ਨੂੰ ਵਪਾਰੀ ਲੋਕ ਸਿਗਰਟ, ਜਰਦਾ ਤੇ ਸ਼ਰਾਬ ਦੀਆਂ ਖਾਲੀ ਪੇਟੀਆਂ ਵਿੱਚ ਬੰਦ ਕਰਕੇ ਦੁਕਾਨਾਂ ਤੇ ਸਪਲਾਈ ਕਰਦੇ ਹਨ, ਜਿਥੋਂ ਸਾਡਾ ਸਿੱਖ ਸਮਾਜ ਇਨ੍ਹਾਂ ਪਤਾਸਿਆਂ ਨੂੰ ਖਰੀਦ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਭੇਟ ਕਰਦਾ ਰਹਿੰਦਾ ਹੈ । ਕੀ ਅਜਿਹਾ ਜਗਤ ਜੂਠ (ਤੰਬਾਕੂ) ਨਾਲ ਭ੍ਰਿਸ਼ਟਿਆ ਪ੍ਰਸ਼ਾਦ ਗੁਰੂ ਸਾਹਿਬ ਨੂੰ ਪ੍ਰਵਾਨ ਹੋ ਸਕਦਾ ਹੈ ? ਨਹੀਂ ! ਕਦਾਚਿਤ ਨਹੀਂ । ਗੁਰਮਤਿ ਵਿੱਚ ਪ੍ਰਸ਼ਾਦ **ਕੇਵਲ ਪੰਚਾਮ੍ਰਿਤ "ਕੜਾਹ ਪ੍ਰਸ਼ਾਦ" ਹੀ ਪ੍ਰਵਾਨ ਹੈ, ਜੋ ਅੰਮ੍ਰਿਤਧਾਰੀ ਸਿੰਘਾਂ ਰਾਹੀਂ ਅੰਮ੍ਰਿਤਮਈ ਬਾਣੀ ਦਾ ਪਾਠ ਕਰਕੇ ਤਿਆਰ ਕਰੀਦਾ ਹੈ । ਜਿਸ ਨੂੰ ਛਕਣ ਨਾਲ ਛਕਣਹਾਰਿਆਂ ਦੀ ਸੁਰਤ ਤੇ ਇਕ ਅੰਮ੍ਰਿਤ ਕਲਾ ਵਰਤਦੀ ਹੈ ।**

ਪਤਾਸੇ ਬਣਾਉਣ ਵਾਲੇ ਬੇਦੀਨੇ ਵਪਾਰੀ ਲੋਕ ਤਾਂ ਪਤਾਸਿਆਂ ਦੀ ਪਵਿੱਤਰਤਾ ਵੱਲ ਬਿਲਕੁਲ ਧਿਆਨ ਨਹੀ ਦਿੰਦੇ । ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਹ ਲੋਭ ਲਹਿਰ ਵਿੱਚ ਐਨੇ ਰੁੜ੍ਹੇ ਵੇਖੇ ਗਏ ਹਨ, ਮਾਨੋ ਇਹ ਮੂਤ ਚੋਂ ਮੱਛੀਆਂ ਕੱਢਦੇ ਹਨ, ਕਿਉਂਕਿ ਬਜ਼ਾਰਾਂ ਵਿੱਚ ਜਿਨ੍ਹਾਂ ਦੁਕਾਨਾਂ ਤੇ ਇਹ ਪਤਾਸੇ ਸਪਲਾਈ ਕਰਦੇ ਹਨ, ਉਨ੍ਹਾਂ ਦੁਕਾਨਾਂ ਤੋਂ ਕਈ ਕਈ ਮਹੀਨੇ ਦਾ ਬਚਿਆ-ਖੁਚਿਆ ਪਤਾਸਿਆਂ ਦਾ ਪੁਰਾਣਾ ਚੂਰਾ ਜਿਸ ਵਿੱਚ ਅਕਸਰ ਚੂਹਿਆਂ ਦੀਆਂ ਮੀਂਗਣਾ, ਮੋਈਆਂ ਮੱਖੀਆਂ ਜਾਂ ਕੀੜੀਆਂ ਆਦਿ ਹੁੰਦੀਆਂ ਹਨ, ਨੂੰ ਸਸਤੇ ਮੁੱਲ ਖਰੀਦ ਕੇ ਚਾਹਣੀ ਵਿੱਚ ਮਿਲਾਕੇ ਨਵੇਂ ਪਤਾਸੇ ਤਿਆਰ ਕਰਦੇ ਹਨ । ਇਹ ਮਲੀਨਤਾ ਭਰਿਆ ਸਿਲਸਲਾ ਹਮੇਸ਼ਾ ਲਈ ਜਾਰੀ ਰਹਿੰਦਾ ਹੈ । ਅਜਿਹੇ ਅਖੌਤੀ ਪ੍ਰਸ਼ਾਦ ਨੂੰ ਸਾਡੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਖਰੀਦ ਕੇ ਗੁਰੂ-ਸੰਗਤਾਂ ਵਿੱਚ ਪ੍ਰਸ਼ਾਦ ਦੇ ਨਾਂ ਹੇਠ ਵੰਡਦੀਆਂ ਹਨ । ਕੀ ਅਸੀਂ ਇਸ ਗੁਰਵਾਕ ਨੂੰ ਅਖੋਂ ਓਹਲੇ ਨਹੀਂ ਕੀਤਾ ਹੋਇਆ ?

**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**
**ਸਿਫਤੀ ਸਾਰ ਨ ਜਾਣਈ ਸਦਾ ਵਸੈ ਸੈਤਾਨੁ ॥**

(ਮਹਲਾ ੧, ਪੰਨਾ-੭੯੦)

ਗੁਰੂ ਘਰਾਂ ਵਿੱਚ ਅਜਿਹੀਆਂ ਅਭੱਖ ਵਸਤੂਆਂ ਦੇ ਵੰਡਣ ਜਾਂ ਛਕਣ ਨਾਲ ਸਾਡੇ ਮਨਾਂ ਵਿੱਚ ਸ਼ੈਤਾਨ ਦਾ ਵਾਸਾ ਹੀ ਹੋ ਸਕਦਾ ਹੈ, ਨਾਮ ਦਾ ਨਹੀਂ । ਜੇਕਰ ਗੁਰੂ-ਘਰਾਂ ਵਿੱਚ ਪਤਾਸਿਆਂ ਨੂੰ ਪ੍ਰਸ਼ਾਦ ਦੇ ਤੌਰ ਤੇ ਵੰਡਣਾ ਹੀ ਹੈ ਤਾਂ ਇਹ ਪਤਾਸੇ ਅੰਮ੍ਰਿਤਧਾਰੀ ਸਿੰਘਾਂ ਰਾਹੀਂ ਹੀ ਤਿਆਰ ਹੋਣੇ ਚਾਹੀਦੇ ਹਨ, ਕਿਉਂਕਿ ਅਜਿਹੇ ਬਿਬੇਕ ਦੇ ਪਤਾਸੇ ਅੰਮ੍ਰਿਤ ਸੰਚਾਰ ਵੇਲੇ ਵੀ ਅਤਿ ਲੋੜੀਂਦੇ ਹਨ । ਸਮੂਹ ਮਿਸ਼ਨਰੀ ਪ੍ਰਚਾਰਕਾਂ ਤੇ ਪੰਥਕ ਹਿਤੈਸ਼ੀਆਂ ਨੂੰ ਬੇਨਤੀ ਹੈ ਕਿ ਉਹ ਸਿੱਖ ਕੌਮ ਨੂੰ ਇਸ ਪਾਸਿਓਂ ਸਾਵਧਾਨ ਕਰਨ ਤਾਂ ਜੋ ਪੰਥ ਦੇ ਪਵਿੱਤਰ ਸਰੋਵਰ ਚੋਂ ਇਸ ਮੋਈ ਹੋਈ ਬਿੱਲੀ ਨੂੰ ਕੱਢਿਆ ਜਾਵੇ ਜਿਸਦਾ ਗੰਧਲਿਆਂ ਹੋਇਆ ਜਲ ਸਾਰੇ ਪੰਥ ਨੂੰ ਪਿਲਾਇਆ ਜਾ ਰਿਹਾ ਹੈ ।

ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖਾਹੀ ਸਿੱਖ ਤਾਂ ਪਤਿਤ ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਛੇਕੇ (ਖਾਰਜ ਕੀਤੇ) ਜਾਂਦੇ ਹਨ ਪ੍ਰੰਤੂ ਖੁਲ੍ਹਮਖੁਲਾ ਤਮਾਕੂ ਵਰਤਣ ਭਖਣਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ ਦੀ ਖੁੱਲ੍ਹ ਖੇਡ ਵਿਚ ਰੰਚਕ ਭੀ ਭੈ ਭਰਮ ਨ ਰਖਿਆ ਜਾਵੇ । ਕਿ ਇਹ ਚਗਲ- ਪੰਥੀ ਹੋਣ ਦੇ ਕੁੱਲਛਣ ਨਹੀਂ ਹਨ ? ਕੀ ਇਹ ਗੁਰਮਤ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ ਹੈ? ਕੀ ਇਹ ਪਵਿਤ੍ਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜਾਏ ਸ੍ਰੀ ਦਸ਼ਮੇਸ਼ ਜੀ ਦੇ ਹੁਕਮਾਂ ਨੂੰ ਲਿਤਾੜਨਾ ਨਹੀਂ ? ਅਤੇ ਇਸ ਬਿਧਿ ਰਹਿਤ ਰਹਿਣੀ ਦੇ "ਰਹਿਣੀ ਰਹੇ ਸੋਈ ਸਿਖ ਮੇਰਾ" ਵਾਲੇ ਹੁਕਮਾਂ ਨੂੰ ਲਤਾੜਨਾ, ਅੰਮ੍ਰਿਤ ਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ, ਕਉਡੀ ਬਦਲੇ ਰਤਨ ਤਿਆਗਣ ਵਾਲੀ ਗਲ ਹੈ ।

('ਗੁਰਮਤਿ ਬਿਬੇਕ' ਪੁਸਤਕ ਵਿਚੋਂ)



www.AKJ.Org

# ਸਾਬਤ ਸੂਰਤ, ਸਿਰ ਦਸਤਾਰ

(ਆਤਮਾ ਸਿੰਘ ਜੀ ਸ਼ਾਂਤ)

ਇਕੋ ਨਕਸ਼ ਨਿਗਾਰ ਇਕੋ ਹੀ,
ਦੋਹਾਂ ਦਾ ਇਕੋ ਵਿਵਹਾਰ ।
ਰੂਹ ਇਕੋ, ਤੇ ਨਾਂ ਬੇਸ਼ਕ ਦੋ,
ਇਕ ਪੁਰਖ ਤੇ ਇਕ ਹੈ ਨਾਰ ॥
ਜੀਵਨ ਖੇਡ ਮੈਦਾਨ ਦੇ ਅੰਦਰ,
ਦੋਹਾਂ ਦਾ ਇਕੋ ਕਿਰਦਾਰ ।
ਇਕ ਦੂਜੇ ਬਿਨ ਰਹੇ ਅਧੂਰਾ,
ਪੂਰਾ ਮਰਦ ਨ ਪੂਰੀ ਨਾਰ ।
ਇਸੇ ਲਈ ਹੀ ਸੋਚ ਸਮਝ ਕੇ,
ਰਚਿਆ ਜੋੜਾ ਸਿਰਜਣਹਾਰ ।
ਸਿੱਖ ਧਰਮ ਦੀ ਹੈ ਵਿਸ਼ੇਸ਼ਤਾ,
ਦੋਹਾਂ ਦੀ ਪਦਵੀ ਇਕ ਸਾਰ ।
ਕੰਘਾ ਕੇਸ ਕਛਹਿਰਾ ਰੱਖਣ,
ਹੱਥ ਕੜਾ ਤੇ ਕਮਰ ਕਟਾਰ ।
**ਦਿਸੇ ਰੂਪ ਦੋਹਾਂ ਦਾ ਇਕੋ,**
**ਸਾਬਤ ਸੂਰਤ ਸਿਰ ਦਸਤਾਰ ।**
ਕਿਸੀ ਧਰਮ ਨੇ ਮਰਦ ਬਰਾਬਰ,
ਨਾਰ ਨੂੰ ਨਹੀਂ ਦਿੱਤਾ ਅਧਿਕਾਰ ।
ਜ਼ੁਲਮ ਦੇਖ ਕੇ ਸਤਿਗੁਰ ਨਾਨਕ,
ਜ਼ੋਰ ਦੇ ਨਾਲ ਕਿਹਾ ਲਲਕਾਰ ।
ਪੜ੍ਹ ਵੇਖ ਲਏ 'ਵਾਰ ਆਸਾ ਦੀ,'*
ਜਿਸ ਨੂੰ ਨਾ ਆਵੇ ਇਤਬਾਰ ।
ਧਰਮ ਕਰਮ ਵਿੱਚ ਮਰਦ ਦੇ ਨਾਲੋਂ,
ਘਟੀਆ ਨਹੀਂ ਰਤਾ ਵੀ ਨਾਰ ।
ਨੀਵਾਂ ਜੋ ਔਰਤ ਨੂੰ ਜਾਣੇ,
ਉਹ ਮਰਦ ਹੈ ਬੜਾ ਮਕਾਰ ।
ਨਰ-ਨਾਰੀ ਦੇ ਰੂਪ'ਚ ਅਪਣੀ,
ਸ਼ਕਲ ਬਣਾਈ ਹੈ ਕਰਤਾਰ ।
**ਵਾਂਗ ਮਰਦ ਦੇ ਔਰਤ ਦੀ ਵੀ,**
**ਸਾਬਤ ਸੂਰਤ ਸਿਰ ਦਸਤਾਰ ।**
ਅਸੀਂ ਭੁਲਾ ਦਿੱਤਾ ਹੈ ਮੂਲੋਂ,
ਗੁਰੂਆਂ ਜੋ ਕੀਤਾ ਉਪਕਾਰ ।
ਅੰਮ੍ਰਿਤ ਛਕ ਕੇ ਰਹਿਤ ਹੈ ਛੱਡੀ,
ਨਹੀਂ ਰਹੇ ਹਾਂ ਆਗਿਆਕਾਰ ।
ਸਿੱਖੀ ਚਲਨ ਤਿਆਗ ਦਿੱਤਾ ਹੈ,
ਡੁੱਬ ਰਹੇ ਹਾਂ ਡੂੰਘੀ ਧਾਰ ।
ਸਾਬਤ ਸੂਰਤ ਆਪ ਰਹੇ ਨਾ,
ਨਾ ਹੀ ਰਹਿਣ ਦਿੱਤੀ ਹੈ ਨਾਰ ।
ਬੀਰੰਗਣ ਤੋਂ ਗੁੱਡੀ ਬਣਾਇਆ,
ਕਰ ਕਰ ਊਟ ਪਟਾਂਗ ਸ਼ਿੰਗਾਰ ।
ਆਪਣੇ ਨਾਲ ਆਪਣੀ ਸਾਥਣ,
ਨੂੰ ਵੀ ਕੀਤਾ ਖੁਬ ਖੁਆਰ ।
**ਉਸ ਦੀ ਵੀ ਨਹੀਂ ਰਹਿਣ ਦਿੱਤੀ ਹੈ,**
**ਸਾਬਤ ਸੂਰਤ ਸਿਰ ਦਸਤਾਰ ।**
ਸੁੰਦਰ ਦਾੜ੍ਹਾ ਸਿਰ ਦਸਤਾਰ,
ਰੱਬੀ ਰੂਪ ਬਣੇ ਸਰਦਾਰ ।
ਨਾਰ ਵੀ ਲਗੇ ਸਰਦਾਰਨੀ,
ਜੇ ਹੋਵੇ ਸਿਰ ਤੇ ਦਸਤਾਰ ।
ਚੜ੍ਹਦੀ ਕਲਾ ਕੜਾ ਪਾ ਹੱਥ'ਚ,
ਸੋਹੇ ਕਮਰ ਦੇ ਵਿੱਚ ਕਟਾਰ ।
ਇਕੋ ਰੂਪ ਦੋਹਾਂ ਦਾ ਹੋਵੇ,
ਹੋਣ ਦੋਏ (ਜੇ) ਤਿਆਰ ਬਰ ਤਿਆਰ ।
ਹਰ ਮੈਦਾਨ ਫਤਹ ਫਿਰ ਹੋਵੇ,
ਦੁਸ਼ਮਣ ਸਹਿ ਸਕੇ ਨਾ ਵਾਰ ।
ਖੁੱਲ੍ਹ ਉਨ੍ਹਾਂ ਉਤੇ ਹੈ ਜਾਂਦਾ,
ਅਰਸ਼ੀ ਬਖ਼ਸ਼ਸ਼ ਦਾ ਭੰਡਾਰ ।
**ਜੇ ਕਰ 'ਸ਼ਾਂਤ' ਦੋਹਾਂ ਦੀ ਹੋਵੇ,**
**ਸਾਬਤ ਸੂਰਤ ਸਿਰ ਦਸਤਾਰ ।**

# ਕੇਸਕੀ ਤੇ ਸਿੰਘਣੀਆਂ

(ਬੀਬੀ ਪਰਮਜੀਤ ਕੌਰ ਜੀ)

ਅੱਜ ਕੱਲ੍ਹ ਭਾਰਤੀ ਸਭਿਅਤਾ ਗਿਰਾਵਟ ਵਲ ਜਾ ਰਹੀ ਹੈ । ਅੱਜ ਕੱਲ੍ਹ ਗੁਰਧਾਮਾਂ ਦੇ ਵਾਤਾਵਰਣ ਦਾ ਸਹੀ ਨਕਸ਼ਾ ਕਿਸੇ ਦਿਨ ਦਿਹਾੜੇ ਜਾਂ ਗੁਰਪੁਰਬਾਂ ਸਮੇਂ ਦੀਵਾਨ ਸਜੇ ਹੋਏ ਵਿਚ, ਚੰਗੀ ਤਰ੍ਹਾਂ ਦੇਖਣ ਵਾਲਾ ਹੁੰਦਾ ਹੈ । **ਭੜਕੀਲੇ ਪਹਿਰਾਵੇ, ਹੋਛੀਆਂ ਸਰੀਰਕ ਸਜਾਵਟਾਂ, ਤੰਗ ਅਤੇ ਸਰੀਰ ਦੀ ਬਣਤਰ ਤੇ ਸੁਹਣੇ-ਪਣ ਲਈ ਅੱਧ-ਨੰਗੇ ਲਿਬਾਸ।। ਕੀ ਅਜਿਹਾ ਵਾਤਾਵਰਣ ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਦੂਰ ਕਰਨ ਵਾਲਾ ਹੁੰਦਾ ਹੈ ? ਇਹਨਾਂ ਹਾਲਤਾਂ ਵਿਚ ਇਕ ਕੇਸਕੀ ਦੀ ਰਹਿਤ ਧਾਰਨ ਕਰਨ ਨਾਲ ਇਸ ਰੋਹੜ ਵਿੱਚ ਰੁੜ੍ਹਨੋਂ ਰੁਕਾਵਟ ਪੈ ਜਾਂਦੀ ਹੈ । ਕੇਸਕੀ ਸਜਾ ਕੇ ਇਸਤ੍ਰੀ ਨੂੰ ਸਭ ਫ਼ੈਸ਼ਨ ਛਡਣੇ ਪੈਂਦੇ ਹਨ ।**

ਅੱਜ ਕੱਲ੍ਹ ਜਿਹੜੀਆਂ ਬੀਬੀਆਂ ਨੇ ਕੇਸਕੀ ਧਾਰਨ ਕੀਤੀ ਹੋਈ ਹੈ ਉਹ ਭੀ ਕੁਝ ਇਕ ਕੇਸਕੀ ਨੂੰ ਇਸ ਢੰਗ ਨਾਲ ਸਜਾਉਂਦੀਆਂ ਹਨ ਕਿ ਕੇਸਕੀ ਸਜਾਉਣ ਤੇ ਭੀ ਅੱਧੇ ਕੇਸ ਨੰਗੇ ਰਹਿੰਦੇ ਹਨ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਬੀਬੀ ਨੇ ਪੱਫ ਕੀਤਾ ਹੋਵੇ ।

ਇਸ ਤੋਂ ਅਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਕਿਤਨੀ ਕੁ ਢਹਿੰਦੀ ਕਲਾ ਵਿੱਚ ਜਾ ਰਹੇ ਹਾਂ । ਮੇਰੇ ਪਿਤਾ ਸਮਾਨ ਭਾਈ ਹਰਿਨੇਕ ਸਿੰਘ ਜੀ (ਸਹੋਲੀ ਵਾਲੇ) ਜਿਨ੍ਹਾਂ ਨੇ ਥੋੜ੍ਹੀ ਉਮਰ ਵਿੱਚ ਹੀ ਘੋਰ ਕਮਾਈਆਂ ਕੀਤੀਆਂ ਤੇ ਗੁਰਮੁਖ ਜੀਵਨੀ ਦੀ ਝਲਕ ਦਿਖਾ ਕੇ ਅਲੋਪ ਹੋ ਗਏ, ਕਿਹਾ ਕਰਦੇ ਸਨ ਕਿ ਸਿੰਘਣੀ ਦਾ ਆਤਮਕ ਜੀਵਨ ਉਸ ਦੀ ਸਜਾਈ ਕੇਸਕੀ ਤੋਂ ਪੂਰਾ ਨਹੀਂ ਤਾਂ ਬਹੁਤ ਹੱਦ ਤਕ ਅਨੁਭਵ ਕੀਤਾ ਜਾ ਸਕਦਾ ਹੈ । ਉਹਨਾਂ ਦਾ ਕਹਿਣਾ ਸੀ ਕਿ ਕੇਸਕੀ ਨਾਲ ਪੂਰੇ ਕੇਸ ਹੀ ਨਹੀਂ, ਬਲਕਿ ਮੱਥੇ ਦਾ ਉੱਪਰ ਦਾ ਹਿੱਸਾ ਭੀ ਕੱਜਣਾ ਜ਼ਰੂਰੀ ਹੈ । ਇਸ ਵਿੱਚ ਹੀ ਗੁਰੂ ਦੀ ਖ਼ੁਸ਼ੀ ਹੈ ।

* ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥ (ਪੰਨਾ-੪੭੩)



www.AKJ.Org

# ਬਾਪੂ ਜੀ ਤੇ ਬੱਚੇ (੩)

ਬਾਪੂ ਜੀ ਮੰਜੇ ਤੇ ਬੈਠੇ ਸਨ ਕਿ ਬੱਚਿਆਂ ਨੇ ਜਾ ਫ਼ਤਹ ਗਜਾਈ – "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ।" ਫ਼ਤਹ ਦਾ ਜਵਾਬ ਫ਼ਤਹ ਵਿੱਚ ਦਿੰਦੇ ਹੋਏ, ਬੱਚਿਆਂ ਵਲ ਦੇਖ ਕੇ ਬਾਪੂ ਜੀ ਪੁੱਛਣ ਲੱਗੇ, "ਅੱਜ ਕੁਲਜੀਤ ਸਿੰਘ ਨੀ ਆਇਆ ?" ਇੱਕ ਬੱਚੇ ਨੇ ਉਤਰ ਦਿੱਤਾ, "ਬਾਪੂ ਜੀ ! ਉਹ ਆਪਣੀ ਮਾਸੀ ਦੇ ਖੰਡ ਪਾਠ ਤੇ ਗਿਆ ਹੋਇਆ ਸੀ, ਹੁਣੇ ਹੀ ਆਇਆ ਹੈ ।" ਬਾਪੂ ਜੀ ਕਹਿਣ ਲੱਗੇ, "ਬੱਚੂ ! ਖੰਡ ਪਾਠ ਨਹੀਂ ਅਖੰਡ ਪਾਠ।"

ਇੱਕ ਹੋਰ ਬੱਚਾ ਪੁੱਛਣ ਲੱਗਾ, " ਅਖੰਡ ਪਾਠ ਕਿਹਨੂੰ ਕਹਿੰਦੇ ਆ ?

**ਬਾਪੂ ਜੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਤੋਂ ਅੰਤ ਤੱਕ ਦੇ ਬਿਨਾ ਰੁਕਾਵਟ ਪਾਠ ਨੂੰ ਅਖੰਡ ਪਾਠ ਕਿਹਾ ਜਾਂਦਾ ਹੈ । ਇਹ ਪਾਠ ਲਗਾਤਾਰ ਦਿਨ ਰਾਤ ਹੁੰਦਾ ਰਹਿੰਦਾ ਹੈ, ਖੰਡਨ ਕੀਤੇ ਬਿਨਾ, ਪਾਠ ਕਰਦੇ ਕਰਦੇ ਅੱਧ ਵਿਚਾਲੇ ਛੱਡੇ ਬਿਨਾ, ਇਹ ਨਹੀਂ ਕਿ ਕਦੇ ਛੱਡ ਲਿਆ ਤੇ ਕਦੇ ਕਰ ਲਿਆ । ਨਾਨ-ਸਟਾਪ (Non-Stop), ਜਿਵੇਂ ਗੱਡੀ ਅੰਬਾਲੇ ਤੋਂ ਚੱਲ ਕੇ ਲੁਧਿਆਣੇ ਹੀ ਠਹਿਰੇ, ਰਸਤੇ ਵਿੱਚ ਕਿਧਰੇ ਰੁਕੇ ਨਾ ।

**ਇੱਕ ਬੱਚਾ** : ਬਾਪੂ ਜੀ ! ਕਈ ਵੇਰ ਤਾਂ ਕੱਲਾ (ਇੱਕਲਾ) ਪਾਠੀ ਹੀ ਪਾਠ ਕਰ ਰਿਹਾ ਹੁੰਦਾ ਆ, ਕੋਈ ਸੁਣਨ ਵਾਲਾ ਤਾਂ ਕੋਲ ਨਹੀਂ ਹੁੰਦਾ ।

**ਬਾਪੂ ਜੀ** : ਬੱਚਿਓ ! ਇਹ ਸਾਡੀ ਭੁੱਲ ਹੈ । ਜੇ ਅਸੀਂ ਪਾਠ ਸੁਣਨਾ ਨਹੀਂ ਤਾਂ ਪਾਠ ਰਖਾਉਣ ਦਾ ਕੀ ਫਾਇਦਾ ? ਅੱਵਲ ਤੇ ਪਾਠ ਸਾਨੂੰ ਘਰ ਦੇ ਸਾਰੇ ਜੀਆਂ ਨੂੰ ਰਲਕੇ ਕਰਨਾ ਚਾਹੀਦਾ ਹੈ, ਜੇ ਅਸੀਂ ਕਰ ਨਹੀਂ ਸਕਦੇ ਤਾਂ ਸੁਣਨਾ ਤਾਂ ਜ਼ਰੂਰ ਚਾਹੀਦਾ ਹੈ, ਪਾਠ ਸਾਡੇ ਵਾਸਤੇ ਗੁਰੂ ਦਾ ਉਪਦੇਸ਼ ਹੈ । ਸਾਨੂੰ ਬੜੀ ਭੈ ਭਾਵਨੀ ਨਾਲ ਗੁਰੂ ਦੇ ਉਪਦੇਸ਼ ਨੂੰ ਸੁਣਨਾ ਚਾਹੀਦਾ ਹੈ। ਇਸ ਉਪਦੇਸ਼ ਨੂੰ ਧਿਆਨ ਨਾਲ ਸੁਣ ਕੇ ਮਨ ਵਸਾਉਣਾ ਚਾਹੀਦਾ ਹੈ । ਜੇ ਅਸੀਂ ਗੁਰੂ ਦੇ ਉਪਦੇਸ਼ ਅਨੁਸਾਰ ਚਲਾਂਗੇ ਤਾਂ ਸਾਡੇ ਜੀਵਨ ਵਿੱਚ ਪਲਟਾ ਆਵੇਗਾ ਅਤੇ ਕਲਹ ਕਲੇਸ਼ ਦੀ ਥਾਂ ਅਨੰਦ ਖੇੜੇ ਵਾਲਾ ਜੀਵਨ ਬਤੀਤ ਕਰਾਂਗੇ ।

ਬੱਚਿਓ ! ਸਾਨੂੰ ਗੁਰਬਾਣੀ ਦੇ ਪਾਠ ਨੂੰ ਕੇਵਲ ਰਿਵਾਜ ਹੀ ਨਹੀਂ ਸਮਝ ਲੈਣਾ ਚਾਹੀਦਾ ਸਗੋਂ ਗੁਰਬਾਣੀ ਪੜ੍ਹ ਸੁਣ ਕੇ ਉਸ ਤੇ ਅਮਲ ਕਰਨਾ ਚਾਹੀਦਾ ਹੈ । ਗੁਰੂ ਦੇ ਉਪਦੇਸ਼ ਮੁਤਾਬਕ ਨਾ ਚੱਲਣ ਕਰ ਕੇ ਹੀ ਸਾਡਾ ਜੀਵਨ ਡਾਵਾਂ-ਡੋਲ ਹੈ. ਜ਼ਿੰਦਗੀ ਦੀ ਹਰ ਸਹੂਲਤ, ਕਾਰਾਂ, ਕੋਠੀਆਂ, ਕਾਰੋਬਾਰ ਦੇ ਹੁੰਦਿਆਂ ਸੁੰਦਿਆਂ ਵੀ ਅਸੀਂ ਦੁਖੀ ਹਾਂ । ਜੇ ਅਸੀਂ ਆਪਣੇ ਮਨ ਦੀ ਮੱਤ ਮਗਰ ਤੁਰਨਾ ਛੱਡ ਕੇ, ਗੁਰੂ ਦੇ ਕਹੇ ਅਨੁਸਾਰ ਚੱਲੀਏ ਤਾਂ ਸਾਨੂੰ ਕੋਈ ਵੀ ਦੁੱਖ ਤਕਲੀਫ ਸਤਾ ਨਹੀਂ ਸਕੇਗੀ, ਅਸੀਂ ਹਰੇਕ ਔਕੜ ਵਿੱਚ ਖਿੜੇ ਮੱਥੇ ਰਹਾਂਗੇ ।

**ਇੱਕ ਹੋਰ ਬੱਚਾ**: ਬਾਪੂ ਜੀ ! ਕਈ ਥਾਈਂ ਭਾਈ ਪਾਠ ਹੁੰਦੇ ਵਿੱਚ ਈ ਕੀਰਤਨ ਕਰਨ ਲੱਗ ਪੈਂਦੇ ਆ ।

**ਬਾਪੂ ਜੀ** :- ਬੱਚਿਓ ! ਇਹ ਸਾਡੀ ਮਹਾਂ ਭੁੱਲ ਹੈ । ਜੇ ਕੋਈ ਅਫਸਰ ਗੱਲ ਕਰ ਰਿਹਾ ਹੋਵੇ, ਕੋਈ ਬੰਦਾ ਆ ਕੇ ਆਪਣਾ ਹੀ ਰੌਲਾ ਪਾ ਦੇਵੇ, ਕੀ ਇਹ ਚੰਗੀ ਗੱਲ ਹੈ ?

**ਇੱਕ ਬੱਚਾ** :- ਇਹ ਤਾਂ ਚੰਗਾ ਨਹੀਂ ।

**ਇੱਕ ਹੋਰ ਬੱਚਾ** : ਬਾਪੂ ਜੀ ! ਜੇ ਕਲਾਸ ਵਿੱਚ ਟੀਚਰ ਪੜ੍ਹਾ ਰਿਹਾ ਹੋਵੇ ਤੇ ਕੋਈ ਬੱਚਾ ਰੌਲਾ ਪਾਣ ਲੱਗ ਪਵੇ ਤਾਂ ਉਸ ਸ਼ਰਾਰਤੀ ਬੱਚੇ ਨੂੰ ਸਜਾ ਮਿਲਦੀ ਹੈ ।

**ਬਾਪੂ ਜੀ** : ਬੱਚਿਓ ! ਇਹੋ ਹੀ ਸਮਝਣ ਵਾਲੀ ਗੱਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਜੁਗੋ ਜੁਗ ਅੱਟਲ ਸਤਿਗੁਰੂ ਹਨ । ਜਦੋਂ ਅਸੀਂ ਪਾਠ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਉਨ੍ਹਾਂ ਦਾ ਉਪਦੇਸ਼ ਸੁਣ ਰਹੇ ਹੁੰਦੇ ਹਾਂ । ਉਸ ਸਮੇਂ ਜੇ ਕੋਈ ਬੰਦਾ ਰੌਲਾ ਪਾਣ ਲੱਗ ਪਵੇਂ ਤਾਂ ਉਹ ਕਸੂਰ (ਗੁਨਾਹ) ਕਰ ਰਿਹਾ ਹੁੰਦਾ ਹੈ । ਉਸ ਕਸੂਰ ਦੀ ਸਜ਼ਾ ਉਸ ਨੂੰ ਭੁਗਤਣੀ ਹੀ ਪਵੇਗੀ । ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਜੇ ਮੇਰੇ ਨਾਲ ਗੱਲਾਂ ਕਰਨੀਆਂ ਹੋਣ ਤਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੋ, ਮੇਰੇ ਨਾਲ ਗੱਲਾਂ ਹੋਣਗੀਆਂ । ਕਿਸੇ ਦੀ ਗੁਫਤਗੂ(ਬੋਲਚਾਲ) ਵਿੱਚ ਜੇ ਤੁਸੀਂ ਆਪਣੀ ਟੰਗ ਅੜਾਵੋਗੇ ਤਾਂ ਇਹ ਗੱਲ ਕਰ ਰਹੇ ਅਫ਼ਸਰ ਦੀ ਬੇਇੱਜ਼ਤੀ ਕਰਨਾ ਹੈ । ਸਾਨੂੰ ਇਸ ਗਲਤੀ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ ।

**ਇੱਕ ਬੱਚਾ** : ਬਾਪੂ ਜੀ ! ਜੇ ਚਲਦੇ ਪਾਠ ਵਿੱਚ ਕੋਈ ਹੋਰ ਗੱਲਾਂ ਕਰਨ ਲੱਗ ਪਵੇ ਤਾਂ ਫਿਰ ਪਾਠ ਤਾਂ ਖੰਡਨ ਹੋ ਗਿਆ ।

**ਦੂਜਾ ਬੱਚਾ** : ਊਂ ਤਾਂ ਲੋਕੀ ਕਹਿੰਦੇ ਆ ਅਖੰਡ ਪਾਠ ਹੋ ਰਿਹਾ, ਆਪੇ ਈ ਖੰਡਨ ਕਰੀ ਜਾਂਦੇ ਆ ।

**ਪਹਿਲਾ ਬੱਚਾ** : ਬਾਪੂ ਜੀ ! ਐਸੇ ਬੰਦਿਆਂ ਨੂੰ ਕੋਈ ਸਮਝੌਂਦਾ ਨੀਂ ?



www.AKJ.Org

**ਬਾਪੂ ਜੀ** : ਬੱਚਿਓ ! ਕਈ ਬੰਦਿਆਂ ਨੂੰ ਤਾਂ ਏਨੀ ਸਮਝ ਹੀ ਨਹੀਂ ਕਿ ਚਲਦੇ ਪਾਠ ਵਿੱਚ ਕਥਾ, ਕੀਰਤਨ, ਲੈਕਚਰ, ਆਦਿ ਨਹੀਂ ਕਰੀਦਾ ਪਰ ਕਈ ਰੌਲਾ ਪਾਈ ਜਾਂਦੇ ਹਨ, ਉਹ ਕਿਸੇ ਦੀ ਗੱਲ ਨਹੀਂ ਮੰਨਦੇ । ਉਨ੍ਹਾਂ ਨੂੰ ਗੁਰੂ ਦੀ ਭੈ ਭਾਵਨੀ ਹੀ ਨਹੀਂ । ਪਾਠ ਨੂੰ ਉਹ ਇੱਕ ਰਸਮ ਜੇਹੀ ਹੀ ਸਮਝਦੇ ਹਨ । ਕਹਿਣ ਨੂੰ ਤਾਂ ਅਸੀਂ ਹਰ ਰੋਜ਼ ਇਹ ਦੋਹਰਾ ਪੜ੍ਹਦੇ ਹਾਂ -

"ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" ਪਰ ਇਸ ਤੇ ਅਮਲ ਘੱਟ ਹੀ ਕਰਦੇ ਹਾਂ । ਅਸੀਂ ਕਦੇ ਇਹ ਮਹਿਸੂਸ ਹੀ ਨਹੀਂ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹਾਜ਼ਰ ਨਾਜ਼ਰ ਦਸੋਂ ਗੁਰੂ ਸਾਹਿਬਾਨ ਦੇ ਆਤਮਕ ਸਰੂਪ ਹਨ, ਸਾਡੀ ਹਰ ਚੰਗੀ ਮਾੜੀ ਗੱਲ ਨੂੰ ਦੇਖਦੇ ਸੁਣਦੇ ਹਨ ।

**ਇੱਕ ਬੱਚਾ** : ਬਾਪੂ ਜੀ ! ਤੁਸੀਂ ਪਰਚੇ ਛਪਾ ਕੇ ਵੰਡੋ ਕਿ ਪਾਠ ਵਿੱਚ ਹੋਰ ਕੋਈ ਗੱਲ ਨੀ ਹੋਣੀ ਚਾਹੀਦੀ ।

**ਬਾਪੂ ਜੀ** : ਬੱਚਿਓ ! ਸਿੱਖ ਰਹਿਤ ਮਰਯਾਦਾ ਵਿੱਚ ਸਾਰੀਆਂ ਗੱਲਾਂ ਲਿਖੀਆਂ ਹੋਈਆਂ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਾਰੇ ਲੇਖ ਵੀ ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ ਪਰ ਅਸੀਂ ਪੜ੍ਹਦੇ ਨਹੀਂ, ਜੇ.ਪੜ੍ਹ ਵੀ ਲਈਏ ਤਾਂ ਅਮਲ ਨਹੀਂ ਕਰਦੇ ।

**ਇੱਕ ਬੱਚਾ** : ਬਾਪੂ ਜੀ! ਮੈਂ 'ਸੂਰਾ' ਰਸਾਲੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਾਰੇ ਪੜ੍ਹਿਆ ਸੀ । ਬਹੁਤ ਸੋਹਣੀਆਂ ਗੱਲਾਂ ਲਿਖੀਆਂ ਹੋਈਆਂ ।

**ਦੂਜਾ ਬੱਚਾ** : ਮੈਨੂੰ ਬੀ ਦਿਖਾਈਂ, ਮੈਂ ਬੀ ਪੜ੍ਹੂੰਗਾ ।

(ਏਨੇ ਨੂੰ ਕੁਲਜੀਤ ਸਿੰਘ ਆ ਕੇ ਫ਼ਤਹ ਬੁਲਾਉਂਦਾ ਹੈ)

**ਬਾਪੂ ਜੀ** : ਸੁਣਾ ਬਈ ਕੁਲਜੀਤ ਸਿੰਘ ! ਅੱਜ ਕਿਥੇ ਗਿਆ ਸੀ ?

**ਕੁਲਜੀਤ ਸਿੰਘ** : ਬਾਪੂ ਜੀ ! ਮੇਰੀ ਮਾਸੀ ਦੇ ਅਖੰਡ ਪਾਠ ਸੀ । ਅੱਜ ਭੋਗ ਪਿਆ ।

**ਬਾਪੂ ਜੀ** : ਫੇਰ ਤਾਂ ਖਾਣ ਪੀਣ ਨੂੰ ਵਾਹਵਾ ਕੁਝ ਮਿਲਿਆ ਹੋਏਗਾ ।

**ਕੁਲਜੀਤ ਸਿੰਘ** : ਬਾਪੂ ਜੀ ! ਮੇਰਾ ਤੇ ਉਥੇ ਪੱਕੇ ਪਕਵਾਨਾਂ ਦੇ ਖਾਣ ਨੂੰ ਜੀਅ ਹੀ ਨੀਂ ਕੀਤਾ ।

**ਬਾਪੂ ਜੀ** : ਕਿਉਂ ?

**ਕੁਲਜੀਤ ਸਿੰਘ** : ਭੋਗ ਦੇ ਕਾਟਾਂ (ਕਾਰਡਾਂ) ਤੇ ਤਾਂ ਲਿਖਿਆ ਹੋਇਆ ਸੀ "ਗੁਰੂ ਕਾ ਲੰਗਰ" ਪਰ ਗੁਰੂ ਕੇ ਲੰਗਰ ਵਾਲੀ ਕੋਈ ਵੀ ਗੱਲ ਨਹੀਂ ਸੀ । ਰਸੋਈਏ ਸਾਰੇ ਮੋਨੇ ਸਨ, ਵਿਚੇ ਹੀ ਬੀੜੀਆਂ ਪੀਈ ਜਾਂਦੇ ਸਨ । ਜੂਠ ਮੀਠ ਦਾ ਵੀ ਕੋਈ ਖਿਆਲ ਨਹੀਂ ਸੀ, ਜਿਹੜਾ ਆਉਂਦਾ ਮੇਜ਼ਾਂ ਤੇ ਰੱਖੇ ਡੌਂਗਿਆਂ ਵਿੱਚ ਹੱਥ ਮਾਰਨ ਲੱਗ ਜਾਂਦਾ ਜਿਵੇਂ ਪਸ਼ੂ ਖੁਰਲੀਆਂ ਵਿੱਚ ਪੱਠੇ ਖਾ ਰਹੇ ਹੁੰਦੇ ਆ ।

**ਇੱਕ ਬੱਚਾ** : ਕੀ ਤੂੰ ਫੇਰ ਕੁਝ ਨੀਂ ਖਾਧਾ ?

**ਕੁਲਜੀਤ ਸਿੰਘ** : ਮੈਂ ਤਾਂ ਫਰੂਟ ਖਾ ਕੇ ਈ ਭੁੱਖ ਮਿਟਾ ਲਈ ।

**ਬਾਪੂ ਜੀ** : ਦੇਖੋ ਬੱਚਿਓ ! ਜੇਹਾ ਅੰਨ ਤੇਹਾ ਮਨ । ਜੋ ਕੁਝ ਅਸੀ ਖਾਂਦੇ ਹਾਂ ਉਸਦਾ ਸਾਡੇ ਸਰੀਰ ਅਤੇ ਮਨ ਤੇ ਅਸਰ ਪੈਂਦਾ ਹੈ । ਅੰਮ੍ਰਿਤ ਭੋਜਨ ਸਾਨੂੰ ਸਤਿ ਧਰਮ ਦੇ ਰਾਹ ਤੇ ਤੋਰੇਗਾ ਅਤੇ ਜੂਠਾ ਮਿੱਠਾ, ਬੀੜੀਆਂ ਦੀ ਸੁਆਹ ਅਤੇ ਧੂੰਏ ਵਿੱਚ ਲੱਥ ਪੱਥ ਭੋਜਨ ਸਾਡੇ ਤੇ ਮਾੜਾ ਅਸਰ ਪਾਏਗਾ । ਵਧੇਰੇ ਮਸਾਲੇ ਵਾਲੇ ਚਟਪਟੇ ਭੋਜਨ ਸਾਡੀ ਸੇਹਤ ਵਿੱਚ ਵਿਗਾੜ ਹੀ ਪੈਦਾ ਕਰਨਗੇ ।

**ਕੁਲਜੀਤ ਸਿੰਘ** : ਬਾਪੂ ਜੀ ! ਜੇ ਬੀੜੀ ਸਿਗਰਟ ਪੀਣ ਨਾਲ ਅੰਮ੍ਰਿਤ ਟੁੱਟ ਜਾਂਦਾ ਹੈ ਤਾਂ ਬੀੜੀਆਂ ਦੀ ਸੁਆਹ ਅਤੇ ਧੂੰਏਂ ਰਲਿਆ ਭੋਜਨ ਖਾਣ ਨਾਲ ਸਿੱਖ ਪਤਿਤ ਨਹੀਂ ਹੋ ਜਾਂਦਾ ?

**ਬਾਪੂ ਜੀ** : ਇਹ ਗੱਲ ਸਾਰਿਆਂ ਦੇ ਵਿਚਾਰਨ ਵਾਲੀ ਹੈ । ਅਸੀਂ ਸਭ ਕੁਝ ਛਕੀ ਜਾਂਦੇ ਹਾਂ । ਬਿਬੇਕ ਬੁੱਧੀ ਵਾਲੇ ਗੁਰਮੁਖ ਪਿਆਰੇ ਹੀ ਅਜੇਹੀਆਂ ਗੱਲਾਂ ਦਾ ਖਿਆਲ ਰੱਖਦੇ ਹਨ ।

**ਇੱਕ ਬੱਚਾ** : ਬਾਪੂ ਜੀ ! ਬਿਬੇਕ ਬੁੱਧੀ ਕੀ ਹੁੰਦੀ ਆ ?

**ਬਾਪੂ ਜੀ** : ਸੱਚ ਝੂਠ, ਚੰਗੇ ਮਾੜੇ, ਖੋਟੇ ਖਰੇ, ਖਾਣ-ਵਾਲੀ, ਨਾ ਖਾਣ ਵਾਲੀ ਚੀਜ਼ ਆਦਿ ਦੀ ਪਰਖ (ਪਛਾਣ), ਬਿਬੇਕ ਬੁੱਧੀ ਕਹਾਉਂਦੀ ਹੈ ਅਤੇ ਬਿਬੇਕ ਬੁੱਧ ਆਉਂਦੀ ਹੈ ਸਤਿਗੁਰੂ ਦੀ ਕਿਰਪਾ ਨਾਲ ।

**ਕੁਲਜੀਤ ਸਿੰਘ** : ਕੀ ਕੀਰਤਨ ਵੀ ਸਤਿਗੁਰੂ ਦੀ ਕਿਰਪਾ ਨਾਲ ਹੀ ਆਉਂਦਾ ਹੈ ?

**ਬਾਪੂ ਜੀ** : ਕੀਰਤਨ ਉੱਤਮ ਪ੍ਰਕਾਰ ਦੀ ਭਗਤੀ ਹੈ । ਜਿਸ ਤੇ ਸਤਿਗੁਰੂ ਮਿਹਰ ਕਰਦਾ ਹੈ ਉਸ ਨੂੰ ਮਾਇਆ ਦੇ ਮੋਹ ਵਿਚੋਂ ਮੋੜ ਕੇ ਆਪਣੀ ਭਗਤੀ ਵਿੱਚ ਲਾ ਲੈਂਦਾ ਹੈ ।

**ਕੁਲਜੀਤ ਸਿੰਘ** : ਬਾਪੂ ਜੀ ! ਮੈਨੂੰ ਕੀਰਤਨ ਕਰਨ ਦਾ ਬੜਾ ਸ਼ੌਕ ਐ, ਕੋਈ ਸਿਖਾਣ ਵਾਲਾ ਈ ਨਹੀਂ ਮਿਲਦਾ ।



www.AKJ.Org

**ਬਾਪੂ ਜੀ** : ਬੱਚੂ ! ਫਿਕਰ ਨਾ ਕਰ । ਜਿਥੇ ਚਾਹ, ਉਥੇ ਰਾਹ । ਸਤਿਗੁਰੂ ਆਪੇ ਹੀ ਕੋਈ ਨਾ ਕੋਈ ਵਸੀਲਾ ਬਣਾ ਦੇਵੇਗਾ ।

**ਕੁਲਜੀਤ ਸਿੰਘ** : ਬਾਪੂ ਜੀ ! ਮਾਸੀ ਦੇ ਘਰ ਮੈਂ ਇੱਕ ਹੋਰ ਗੱਲ ਦੇਖੀ ।

**ਬਾਪੂ ਜੀ** : ਉਹ ਕੀ ?

**ਕੁਲਜੀਤ ਸਿੰਘ** : ਭੋਗ ਪੈਣ ਤੋਂ ਬਾਅਦ ਚਿੱਟ ਕੱਪੜੀਏ ਭਾਈਆਂ ਨੇ ਆਰਤੀ ਸ਼ੁਰੂ ਕਰ ਦਿੱਤੀ । ਇੱਕ ਭਾਈ ਨੇ ਥਾਲ ਵਿੱਚ ਆਟੇ ਦੇ ਦੀਵੇ ਜਗਾਏ ਹੋਏ ਸੀ । ਸਾਰੀ ਸੰਗਤ ਉਠ ਕੇ ਖੜ੍ਹ ਗਈ । ਢੋਲਕੀ ਛੈਣਿਆਂ ਨਾਲ ਭਾਈ ਆਰਤੀ ਪੜ੍ਹਨ ਲੱਗ ਪਏ । ਦੀਵਿਆਂ ਵਾਲੇ ਥਾਲ ਵਾਲਾ ਭਾਈ ਮਾਹਾਰਾਜ ਦੇ ਅੱਗੇ, ਥੱਲੇ ਉਤੇ ਸੱਜੇ ਖੱਬੇ, ਗੋਲ ਚੱਕਰ ਵਿੱਚ ਥਾਲ ਘੁਮਾਣ ਲੱਗ ਪਿਆ ਜਿੱਦਾਂ ਮੰਦਰਾਂ ਵਿੱਚ ਪਾਂਡੇ ਮੂਰਤੀਆਂ ਅਗੇ ਖੜ੍ਹ ਕੇ ਕਰਦੇ ਆ । ਨਾਲ ਨਾਲ ਘੜਿਆਲ ਤੇ ਸੰਖ ਵੀ ਵੱਜਣ ਲੱਗ ਪਿਆ ਅਤੇ ਫੁੱਲਾਂ ਦੀ ਵਰਖਾ ਹੋਣ ਲੱਗ ਪਈ । ਖੂਬ ਧਮਾਲ ਪਈ । ਜਦੋਂ ਸਾਜਾਂ ਦਾ ਖੜਕਾ ਦੜਕਾ ਬੰਦ ਹੋਇਆ ਤਾਂ ਦੀਵਿਆਂ ਵਾਲਾ ਥਾਲ ਲੈ ਕੇ ਉਹ ਭਾਈ ਸੰਗਤਾਂ ਵਿੱਚ ਫਿਰਨ ਲੱਗ ਪਿਆ, ਦੇਖਾ ਦੇਖੀ ਲੋਕੀਂ ਉਹਦੇ ਥਾਲ ਵਿੱਚ ਪੈਸੇ ਰੱਖਣ ਲੱਗ ਪਏ, ਉਹਦੇ ਹੱਥ ਨੋਟ ਫੜਾਉਣ ਲੱਗ ਪਏ । . . .

ਬਾਪੂ ਜੀ ! ਕੀ ਸਿੱਖਾਂ ਨੂੰ ਵੀ ਬ੍ਰਾਹਮਣਾਂ ਦੀ ਤਰਾਂ ਆਰਤੀ ਉਤਾਰਨੀ ਚਾਹੀਦੀ ਆ ?

**ਬਾਪੂ ਜੀ** : ਬਿਲਕੁਲ ਨਹੀਂ ।

**ਕੁਲਜੀਤ ਸਿੰਘ** : ਫੇਰ ਇਹ ਰਿਵਾਜ ਕਿਥੋਂ ਚੱਲ ਪਿਆ ?

**ਬਾਪੂ ਜੀ** : ਦੇਖਾ ਦੇਖੀ ਹੀ । ਡੇਰੇ-ਦਾਰ ਸਾਧ ਆਪਣੀ ਉੱਚਤਾ ਦਾ ਪ੍ਰਭਾਵ ਪਾਉਣ ਲਈ ਏਹੋ ਜੇਹੀਆਂ ਰੀਤਾਂ ਘੜੀ ਜਾ ਰਹੇ ਹਨ । ਲੋਕਾਂ ਦਾ ਗੁਰਮਤਿ ਸਮਝਣ ਵਲ ਧਿਆਨ ਘੱਟ ਹੈ । ਉਨ੍ਹਾਂ ਨੂੰ ਆਪਣੀ ਬੱਲੇ ਬੱਲੇ ਕਰਵਾ ਕੇ ਵਧੇਰੇ ਅਨੰਦ ਆਉਂਦਾ ਹੈ ਜਿਸ ਕਰਕੇ ਉਹ ਚਾਪਲੂਸ ਮਨਮੁਖ ਸਾਧਾਂ ਨੂੰ ਬੁਲਾ ਕੇ ਅਜੇਹਾ ਅਡੰਬਰ ਰਚਾ ਲੈਂਦੇ ਹਨ ।

**ਕੁਲਜੀਤ ਸਿੰਘ** : "ਗਗਨ ਮੈ ਥਾਲੁ" ਵਾਲਾ ਸ਼ਬਦ ਤਾਂ ਬਾਣੀ ਦਾ ਹੀ ਹੈ ।

**ਬਾਪੂ ਜੀ** : ਪਰ ਅਸੀਂ ਇਸ ਦੇ ਅਰਥ ਭਾਵ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ।

**ਕੁਲਜੀਤ ਸਿੰਘ** : ਕੀ ਅਰਥ ਹਨ ਇਸ ਦੇ ?

**ਬਾਪੂ ਜੀ** : ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਾਰਾ ਆਕਾਸ਼ ਮਾਨੋ ਥਾਲ ਹੈ, ਸੂਰਜ ਤੇ ਚੰਦ ਉਸ ਥਾਲ ਵਿੱਚ ਦੀਵੇ ਬਣੇ ਹੋਏ ਹਨ । ਆਸਮਾਨ ਵਿੱਚ ਤਾਰੇ ਇੱਕ ਪ੍ਰਕਾਰ ਦੇ ਥਾਲ ਵਿੱਚ ਮੋਤੀ ਰੱਖੇ ਹੋਏ ਹਨ । ਮਲਯ ਪਰਬਤ ਵਲੋਂ ਆਉਣ ਵਾਲੀ ਹਵਾ, ਸਮਝੋ ਧੂਪ ਧੁਖ ਰਿਹਾ ਹੈ । ਹਵਾ ਚੌਰ ਕਰ ਰਹੀ ਹੈ । ਸਾਰੀ ਬਨਸਪਤੀ ਜੋਤਿ ਸਰੂਪ ਪ੍ਰਭੂ ਦੀ ਆਰਤੀ ਵਾਸਤੇ ਫੁੱਲ ਦੇ ਰਹੀ ਹੈ । ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਪ੍ਰਭੂ ਜੀ ! ਕੁਦਰਤ ਵਿੱਚ ਤੇਰੀ ਕੈਸੀ ਆਰਤੀ ਹੋ ਰਹੀ ਹੈ ? ਸਾਰੇ ਜੀਵਾਂ ਵਿੱਚ ਰੁਮਕ ਰਹੀ ਇਕੋ ਜੀਵਨ ਰੌ, ਮਾਨੋਂ ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ ।

**ਇੱਕ ਬੱਚਾ** : ਬਾਪੂ ਜੀ ! ਗੁਰੂ ਜੀ ਨੇ ਇਹ ਸ਼ਬਦ ਕਿੱਥੇ ਪੜ੍ਹਿਆ ਸੀ ? ਇਹ ਦਾ ਕੀ ਪ੍ਰਸੰਗ ਆ ?

**ਬਾਪੂ ਜੀ** : ਬੱਚਿਓ ! ਗੁਰੂ ਨਾਨਕ ਦੇਵ ਜੀ ਫੋਕਟ ਕਰਮਾਂ ਕਾਂਡਾ, ਵਹਿਮਾਂ ਭਰਮਾਂ ਵਿੱਚ ਫਸੀ ਲੋਕਾਈ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ ਹੋਏ ਸਮੁੰਦਰ ਕਿਨਾਰੇ ਵਸੇ ਸ਼ਹਿਰ ਜਗਨ-ਨਾਥ ਪੁਰੀ ਪਹੁੰਚੇ । ਇਥੇ ਹਿੰਦੂਆਂ ਦਾ ਵੱਡਾ ਤੀਰਥ ਹੈ । ਇੱਕ ਮੰਦਰ ਵਿੱਚ ਜਗਨ-ਨਾਥ ਦੀ ਮੂਰਤੀ ਹੈ ਜਿਸ ਦੀ ਹਿੰਦੂ ਲੋਕ ਪੂਜਾ ਕਰਦੇ ਅਤੇ ਆਰਤੀ ਉਤਾਰਦੇ ਹਨ ।

ਗੁਰੂ ਜੀ ਨੇ ਮੰਦਰ ਤੋਂ ਥੋਹੜੀ ਦੂਰ ਜਾ ਕੇ ਬਹਿ ਗਏ ਅਤੇ ਭਾਈ ਮਰਦਾਨੇ ਨਾਲ ਮਿਲ ਕੇ ਸ਼ਬਦ ਕੀਰਤਨ ਕਰਨ ਲੱਗ ਪਏ । ਕੀਰਤਨ ਤੇ ਮੋਹਿਤ ਹੋ ਕੇ ਲੋਕੀਂ ਉਨ੍ਹਾਂ ਦੁਆਲੇ ਇੱਕਠੇ ਹੋ ਗਏ ਅਤੇ ਗੁਰੂ ਜੀ ਕੋਲੋਂ ਰੱਬ ਤੇ ਮੁਕਤੀ ਬਾਰੇ ਗੱਲਾਂ ਪੁੱਛਣ ਲੱਗ ਪਏ । ਗੁਰੂ ਜੀ ਨੇ ਸਾਰੇ ਸਵਾਲਾਂ ਦੇ ਜਵਾਬ ਦਿਤੇ ਜਿਨ੍ਹਾਂ ਨੂੰ ਸੁਣ ਕੇ ਲੋਕਾਂ ਦੀ ਤੱਸਲੀ ਹੋ ਗਈ । ਤਿਰਕਾਲਾਂ ਪੈਣ ਤੇ ਬ੍ਰਾਹਮਣਾਂ ਤੇ ਪੁਜਾਰੀਆਂ ਨੇ ਗੁਰੂ ਜੀ ਨੂੰ ਮੰਦਰ ਵਿਖੇ ਆਰਤੀ ਵਿੱਚ ਸ਼ਾਮਲ ਹੋਣ ਵਾਸਤੇ ਕਿਹਾ । ਗੁਰੂ ਜੀ ਜਗਨ-ਨਾਥ ਦੇ ਮੰਦਰ ਅੰਦਰ ਤਾਂ ਚਲੇ ਗਏ ਪਰ ਉਹ ਅੰਦਰ ਹੋ ਰਹੀ ਮੂਰਤੀਆਂ ਅੱਗੇ ਆਰਤੀ ਦੇਖ ਕੇ ਚੁੱਪ ਚਾਪ ਬਾਹਰ ਆ ਗਏ ।

ਬਾਹਰ ਆ ਕੇ ਗੁਰੂ ਜੀ ਤਾਰਿਆਂ ਨਾਲ ਭਰੇ ਅਸਮਾਨ ਵਲ ਦੇਖਦੇ ਰਹੇ ਅਤੇ ਰੱਬ ਦੀ ਕੁਦਰਤ ਨੂੰ ਦੇਖ ਦੇਖ ਉਸ ਦਾ ਜਸ ਕਰਦੇ ਰਹੇ ।



www.AKJ.Org

ਮੰਦਰ ਵਿੱਚ ਆਰਤੀ ਕਰ ਕੇ ਜਦੋਂ ਲੋਕੀਂ ਬਾਹਰ ਆਏ ਤਾਂ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਆਰਤੀ ਵਿੱਚ ਕਿਉਂ ਸ਼ਾਮਿਲ ਨਹੀਂ ਹੋਏ, ਤਾਂ ਗੁਰੂ ਜੀ ਨੇ ਬੜੇ ਧੀਰਜ ਨਾਲ ਉਤਰ ਦਿੱਤਾ ਕਿ ਮੈਂ ਤੇ ਜਗਤ ਦੇ ਮਾਲਕ ਪ੍ਰਭੂ ਦੀ ਸੱਚੀ ਆਰਤੀ ਕਰ ਰਿਹਾ ਹਾਂ, ਤੁਸੀਂ ਉਸ ਵਿੱਚ ਕਿਉਂ ਸ਼ਾਮਲ ਨਹੀਂ ਹੋਏ ? ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਵਾਸਤੇ ਕਿਹਾ ਅਤੇ **"ਗਗਨ ਮੈ ਥਾਲ"** ਵਾਲਾ ਸ਼ਬਦ ਉਚਾਰਨ ਕੀਤਾ ।

ਬੱਚਿਓ ! ਸ਼ਬਦ ਦਾ ਕੀਰਤਨ ਕਰਨ ਤੋਂ ਬਾਅਦ ਗੁਰੂ ਜੀ ਨੇ ਲੋਕਾਂ ਨੂੰ ਸ਼ਬਦ ਦੇ ਅਰਥ ਦੱਸੇ । ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਇਹ ਪ੍ਰਭੂ ਦੀ ਸੱਚੀ ਆਰਤੀ ਹਰ ਵੇਲੇ ਹੁੰਦੀ ਰਹਿੰਦੀ ਹੈ । ਪ੍ਰਭੂ ਦੀ ਆਰਤੀ ਇਨ੍ਹਾਂ ਥਾਲਾਂ ਨਾਲ ਨਹੀਂ ਉਤਾਰੀ ਜਾ ਸਕਦੀ ਅਤੇ ਨਾ ਹੀ ਕਿਸੇ ਮਨੁੱਖ ਜਾਂ ਉਸ ਦੀ ਮੂਰਤੀ ਪ੍ਰਭੂ ਦੀ ਥਾਂ ਲੈ ਸਕਦੀ ਹੈ । ਸਾਰੇ ਲੋਕਾਂ ਨੂੰ ਸੱਚੀ ਆਰਤੀ ਦਾ ਪਤਾ ਲੱਗ ਗਿਆ । ਲੋਕਾਂ ਨੂੰ ਸਮਝ ਆ ਗਈ ਕਿ ਇਹ ਜਗਨ-ਨਾਥ ਤਾਂ ਮਨੁੱਖ ਦੀ ਬਣਾਈ ਹੋਈ ਇੱਕ ਮੂਰਤੀ ਹੈ । ਮੂਰਤੀ ਪੂਜਾ ਦਾ ਕੋਈ ਲਾਭ ਨਹੀਂ, ਸਾਨੂੰ ਜਗਤ ਦੇ ਸੱਚੇ ਮਾਲਕ ਇੱਕ ਅਕਾਲ ਪੁਰਖ ਦੀ ਹੀ ਬੰਦਗੀ ਕਰਨੀ ਚਾਹੀਦੀ ਹੈ ।

**ਕੁਲਜੀਤ ਸਿੰਘ** : ਪਰ ਬਾਪੂ ਜੀ ! ਸਿੱਖ ਲੋਕ ਵੀ ਤਾਂ ਆਪਣੇ ਘਰਾਂ, ਦੁਕਾਨਾਂ, ਦਫਤਰਾਂ ਵਿੱਚ ਫੋਟੋ ਲਟਕਾਉਂਦੇ ਹਨ, ਕੀ ਉਨ੍ਹਾਂ ਨੂੰ ਗੁਰੂ ਜੀ ਦੀ ਦੱਸੀ ਆਰਤੀ ਤੋਂ ਕੋਈ ਸੋਝੀ ਨਹੀਂ ਆਉਂਦੀ ?

**ਬਾਪੂ ਜੀ** : ਸੋਝੀ ਤੇ ਤਾਂ ਆਏ ਜੇ ਅਸੀਂ ਗੁਰਬਾਣੀ ਨੂੰ ਵਿਚਾਰ ਸਹਿਤ ਪੜ੍ਹੀਏ । ਮਣਕੇ ਤੇ ਮਣਕਾ ਠਹਿ ਮਣਕਾ ਵਾਲੀ ਹੀ ਗੱਲ ਹੈ । ਗੁਰਬਾਣੀ ਤਾਂ ਅਸੀਂ ਪੜ੍ਹਦੇ ਹਾਂ ਪਰ ਵਿਚਾਰ ਨਾ ਹੋਣ ਕਰਕੇ ਕੰਮ ਅਸੀਂ ਗੁਰ-ਉਪਦੇਸ਼ ਤੋਂ ਸਾਰੇ ਹੀ ਉਲਟ ਕਰਦੇ ਹਾਂ । ਇਹੋ ਹੀ ਕਾਰਨ ਹੈ ਕਿ ਬ੍ਰਹਮਣੀ ਰੀਤਾਂ ਤੋਂ ਹਾਲੇ ਤੀਕ ਅਸੀਂ ਪਿੱਛਾ ਨਹੀਂ ਛੁਡਾ ਸਕੇ, ਹਾਲੇ ਵੀ ਅਸੀਂ ਉਨ੍ਹਾਂ ਫੋਕਟ ਕਰਮਾਂ ਅਤੇ ਵਹਿਮਾਂ ਭਰਮਾਂ ਵਿੱਚ ਫਸੇ ਪਏ ਹਾਂ ਜਿਨ੍ਹਾਂ ਵਿਚੋਂ ਗੁਰੂ ਸਾਹਿਬ ਨੇ ਸਾਨੂੰ ਛੁਡਾਇਆ ਸੀ ।

ਬੱਚਿਓ ! **ਆਓ ਅੱਜ ਅਸੀਂ ਇਹ ਪ੍ਰਣ ਕਰੀਏ ਕਿ ਅਸੀਂ ਗੁਰਬਾਣੀ ਪ੍ਰੇਮ ਤੇ ਵਿਚਾਰ ਸਹਿਤ ਪੜ੍ਹਾਂਗੇ ਅਤੇ ਪੜ੍ਹ ਸੁਣ ਕੇ ਅਮਲ ਕਰਾਂਗੇ** । ਆਓ ! ਅਸੀਂ ਗੁਰੂ ਦੇ ਇਸ ਤ੍ਰੈ-ਕਾਲੀ ਬਚਨ ਨੂੰ ਤਿੰਨ ਵੇਰ ਗੱਜ ਵੱਜ ਕੇ ਦੁਹਰਾਈਏ ਤਾਂ ਜੋ ਸਾਡੇ ਮਨ ਵਿੱਚ ਵਸ ਜਾਏ—

ਸਿਖੀ ਸਿਖਿਆ, ਗੁਰ ਵੀਚਾਰਿ ।।
ਸਿਖੀ ਸਿਖਿਆ, ਗੁਰ ਵੀਚਾਰਿ ।।
ਸਿਖੀ ਸਿਖਿਆ, ਗੁਰ ਵੀਚਾਰਿ ।। (ਪੰਨਾ-੪੬੫)

(ਸਾਰੇ ਬੱਚੇ ਇੱਕ ਆਵਾਜ਼ ਵਿੱਚ ਉੱਚੀ ਕਰਕੇ ਬੋਲਦੇ ਹਨ)

**ਇੱਕ ਬੱਚਾ** : ਬਾਪੂ ਜੀ ! ਤ੍ਰੈ-ਕਾਲੀ ਦਾ ਕੀ ਮਤਲਬ ਆ ?

**ਬਾਪੂ ਜੀ** : ਤ੍ਰੈ-ਕਾਲੀ ਦਾ ਅਰਥ ਹੈ ਤਿਨ੍ਹਾਂ ਹੀ ਕਾਲਾਂ (ਸਮਿਆਂ) ਵਿੱਚ ਵਿਆਪਕ, ਭੂਤ ਕਾਲ (ਬੀਤ ਚੁੱਕਾ ਸਮਾਂ) ਵਰਤਮਾਨ ਕਾਲ (ਚਲ ਰਿਹਾ ਮੌਜੂਦਾ ਸਮਾਂ)
ਭਵਿੱਖ ਕਾਲ (ਆਉਣ ਵਾਲਾ ਸਮਾਂ)

**ਕੁਲਜੀਤ ਸਿੰਘ** : ਬਾਪੂ ਜੀ ! "ਸਿਖੀ ਸਿਖਿਆ ਗੁਰ ਵੀਚਾਰਿ" ਦੇ ਅਰਥ ਬੀ ਸਮਝਾ ਦਿਓ ?

**ਬਾਪੂ ਜੀ** : ਇਸ ਦੇ ਅਰਥ ਹਨ ਕਿ ਇਹ ਸਿਖਿਆ ਗੁਰੂ ਦੀ ਵੀਚਾਰ (ਗੁਰ-ਮਤਿ) ਰਾਹੀਂ ਸਿੱਖ ਲਈ ਹੈ ।

ਅੱਛਾ ਬੱਚੂ ! ਹੁਣ ਸਮਾਂ ਬਹੁਤ ਹੋ ਗਿਆ ਹੈ, ਤੁਸੀਂ ਹੁਣ ਜਾਓ ਅਤੇ ਚੇਤੇ ਰੱਖਿਓ "ਸਿਖੀ ਸਿਖਿਆ ਗੁਰ ਵੀਚਾਰਿ ।"

(ਸਾਰੇ ਬੱਚੇ ਬਾਪੂ ਜੀ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾ ਕੇ ਉੱਠ ਖਲੋਏ ਅਤੇ ਇਹ ਕਹਿੰਦੇ ਪੌੜੀਆਂ ਉਤਰ ਗਏ—
ਸਿਖੀ ਸਿਖਿਆ, ਗੁਰ ਵੀਚਾਰਿ ।)

## ਚੌਰ

ਜਿਨ੍ਹਾਂ ਚਿੱਟੇ ਵਾਲਾਂ ਵਾਲੇ ਚੌਰਾਂ ਦੇ ਮੁੱਠੇ ਵਿੱਚ ਹੱਡੀ ਤੁੰਨੀ ਹੋਈ ਹੁੰਦੀ ਹੈ, ਉਹ ਬਰਫਾਨੀ ਪਹਾੜੀ ਜੰਗਲਾਂ ਵਿੱਚ ਰਹਿੰਦੀ ਜੀਉਂਦੀ ਗਊ ਦੀ ਕੱਟ ਕੇ ਲਿਆਂਦੀ ਪੂਛ ਤੋਂ ਬਣੇ ਹੋਏ ਹੁੰਦੇ ਹਨ । ਪਾਣੀ ਵਿੱਚ ਧੋਣ ਨਾਲ ਇਹ ਚੌਰ, ਬਦਬੂ ਮਾਰਨ ਲੱਗ ਪੈਂਦੇ ਹਨ । ਜੇ ਗਿੱਲੀ ਹੱਡੀ ਵਾਲੇ ਵਾਲ, ਮੁੱਠੇ ਵਿੱਚ ਜਕੜ ਦਿੱਤੇ ਜਾਣ ਤਾਂ ਉਨ੍ਹਾਂ ਤੇ ਕੀੜੀਆਂ ਚੜ੍ਹ ਜਾਂਦੀਆਂ ਹਨ । ਜੀਉਂਦੇ ਜੀਵ ਦਾ ਅੰਗ ਕੱਟ ਕੇ ਚੌਰ ਬਣਾਉਣ ਦੀ ਥਾਂ ਸਾਨੂੰ ਨਾਈਲੋਨ ਦੀਆਂ ਚਿੱਟੀਆਂ ਤਾਰਾਂ ਤੋਂ ਬਣੇ ਚੌਰ ਵਰਤਣੇ ਚਾਹੀਦੇ ਹਨ ਜਿਹੜੇ ਸਰਫ ਵਿੱਚ ਧੋਣ ਨਾਲ ਬਦਬੂ ਨਹੀਂ ਮਾਰਦੇ ।



www.AKJ.Org

# ਰਿਸ਼ਤੇ ਨਾਤੇ

ਨੋਟ: ੧. ਕੇਵਲ ਸ਼ਾਕਾਹਾਰੀ, ਗੁਰਸਿੱਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ ।

੨. ਆਪਣੀ ਅਰਜ਼ੀ ਛਪਵਾਉਣ ਲਈ ਸਾਰਾ ਵੇਰਵਾ ਤੇ ਪਤਾ ਸਾਫ਼ ਸਪੱਸ਼ਟ ਲਿਖਕੇ ਸੂਰਾ ਦਫ਼ਤਰ ਭੇਜੋ ਜੀ ।

ਫਾਰਮ ਨੰ: LD/5 :- 27 ਸਾਲਾ ਸਿੰਘ, ਕੱਦ 5'8" ਦਰਮਿਆਨੀ ਸਿਹਤ Diploma in Electronics (NCVT), 4000/-ਰੁ: ਮਾਸਿਕ ਦੀ ਨੌਕਰੀ ਕਰ ਰਹੇ ਲਈ, ਚੰਡੀਗੜ੍ਹ ਜਾਂ ਮੋਹਾਲੀ ਨੇੜੇ ਸਰਵਿਸ ਕਰਦੀ ਯੋਗ ਬੀਬੀ ਦੀ ਲੋੜ ਹੈ ।

ਫਾਰਮ ਨੰ: LD/6 :- 23½ ਸਾਲਾ ਬੀਬੀ, ਕੱਦ 5'3" B. Sc., B.ed ਲਈ ਯੋਗ ਵਰ ਦੀ ਲੋੜ ਹੈ ।

ਫਾਰਮ ਨੰ: LD/7 : 19 ਸਾਲਾ ਬੀਬੀ 5'5" B.A. ਫਾਈਨਲ ਕਰ ਰਹੀ ਲਈ ਬਿਬੇਕੀ ਪਹਿਰੇ ਵਾਲੇ ਸਿੰਘ ਦੀ ਲੋੜ ਹੈ ।

---

# "ਸੂਰਾ" ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਹਰਜੀਤ ਸਿੰਘ ਦਿੱਲੀ | ੫੦੦/- | ਬੀਬੀ ਕਿਰਨਜੀਤ ਕੌਰ ਅਹਿਮਦਾਬਾਦ ਦੀ ਯਾਦ ਵਿੱਚ | ੨੫੦/- |
| ਸ: ਪਰਕਾਸ਼ ਸਿੰਘ ਜੀ ਨਵੀਂ ਦਿੱਲੀ | ੨੫੦/- | ਸ: ਜਗਦੀਸ਼ ਸਿੰਘ ਕਾਠਮੰਡੂ | ੧੦੧/- |
| ਸ: ਇੰਦਰਜੀਤ ਸਿੰਘ ਜੈਪੁਰ | ੫੦੦/- | ਸ: ਅਤਰ ਸਿੰਘ ਦਿੱਲੀ | ੫੦੨/- |
| ਸ: ਮਨਜੀਤ ਸਿੰਘ ਨਵੀਂ ਦਿੱਲੀ | ੯੦/- | ਚਾਵਲਾ ਇਲੈਕਟ੍ਰੋਨਿਕਸ | ੫੦/- |
| ਸ: ਚਰਨਜੀਤ ਸਿੰਘ ਦਵਿੰਦਰ ਸਿੰਘ ਜਲੰਧਰ | | ਗੁਪਤ | ੧੦੦/- |
| ਦੇ ਗ੍ਰਹਿ ਸਮਾਗਮ ਦਾ ਚੜ੍ਹਾਵਾ | ੪੭੪/- | ਗੁਪਤ | ੧੨੦/- |
| ਭਾਈ ਹਰੀ ਸਿੰਘ ਜੀ U.K. | ੨੨੫/- | ਸ: ਬੂਟਾ ਸਿੰਘ ਜੀ U.K. | ੪੦੦/- |
| ਬੀਬੀ ਸੁਰਿੰਦਰ ਕੌਰ U.K. | ੯੯੫/- | ਭਾਈ ਜੀਵਨ ਸਿੰਘ ਅਵਤਾਰ ਸਿੰਘ ਅਮਰੀਕਾ | ੫੦੦੦/- |
| ਭਾਈ ਕਰਨੈਲ ਸਿੰਘ ਸਵਿਟਜ਼ਰਲੈਂਡ | ੧੦੦੦/- | | |

---

## ਬੰਗਾ ਵਿਖੇ ਸਲਾਨਾ 'ਸ਼ਹੀਦੀ ਗੁਰਪੁਰਬ ਸਮਾਗਮ' ੮ ਤੋਂ ੧੧ ਦਸੰਬਰ ੧੯੯੪

੮-੧੨-੯੪ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ

੧੦-੧੨-੯੪ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ

→ ਗ੍ਰਹਿ ਭਾਈ ਕਰਨੈਲ ਸਿੰਘ, ਭੋਗਲ ਫਰਨੀਚਰ ਹਾਊਸ, ਰੇਲਵੇ ਰੋਡ, ਬੰਗਾ

੧੦-੧੨-੯੪ ਸ਼ਾਮ ਸੋਦਰ ਉਪਰੰਤ ਅਰੰਭ ਰੈਣਿ ਸਬਾਈ ਕੀਰਤਨ

ਅੰਮ੍ਰਿਤ ਸੰਚਾਰ : ੧੦-੧੨-੯੪ ਸ਼ਾਮ ੭ ਵਜੇ

ਰਿਹਾਇਸ਼ ਤੇ ਲੰਗਰ : ਗੁ: ਪਾ: ੬ ਚਰਨ ਕੰਵਲ ਬੰਗਾ ਵਿਖੇ

→ ਗੁਰਦੁਆਰਾ ਪਾਤਸ਼ਾਹੀ ੬ ਚਰਨ ਕੰਵਲ ਬੰਗਾ ਵਿਖੇ

ਦਾਸਰੇ

ਅਖੰਡ ਕੀਰਤਨੀ ਜਥਾ, ਬੰਗਾ

---

## ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸ਼ਹੀਦੀ ਗੁਰਪੁਰਬ ਸਮਾਗਮ ੫ ਦਸੰਬਰ ਤੋਂ ੮ ਦਸੰਬਰ ੧੯੯੪

## ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ–੭ ਦਸੰਬਰ ਸ਼ਾਮ ਨੂੰ ਅਰੰਭ ਹੋਣਗੇ ।

ਪੁੱਛ ਗਿੱਛ : ਨੈਨਸੀ ਟਰੇਡਰਜ਼, ਚਾਜਾਂ ਕਲਾਂ, ਪਟਨਾ ਸਾਹਿਬ (ਫੋਨ : ੬੪੧੪੬੩)

੨. ਦਰਸ਼ਨ ਸਿੰਘ ਦਲਜੀਤ ਸਿੰਘ ਮਛਰਟਾ (੬੪੩੦੯੮)

ਟਿਕਟ ਰਿਜ਼ਰਵੇਸ਼ਨ ਲਈ : ੧. ਖਾਲਸਾ ਸ਼ਾਲ, ਮੋਚਪੁਰਾ ਬਜ਼ਾਰ, ਲੁਧਿਆਣਾ ਫੋਨ : ੪੦੬੪੭੨, ੪੫੨੭੩੨

੨. ਸੰਤ ਸਿੰਘ ਤ੍ਰਿਲੋਕ ਸਿੰਘ, ਪੰਜਪੀਰ, ਜਲੰਧਰ (੫੫੯੩੫) ੩. ਭਾਈ ਮੋਹਨ ਸਿੰਘ ਗਾਡ, ੧੭੭੦, ਫੇਸ ੧੦, ਮੋਹਾਲੀ।

੪. ਸ: ਵਰਿਆਮ ਸਿੰਘ, ਬੀ-੧੬੧, ਫਤਹਿ ਨਗਰ ਦਿੱਲੀ (੫੩੩੭੧੭)

---

**ਯੂ. ਕੇ. ਵਿਚ ਪੁਸਤਕਾਂ** :- ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਅਤੇ ਹੋਰ ਗੁਰਮਤਿ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੰਗਵਾਓ । ਡਾਕ ਖ਼ਰਚ ਪਹਿਲਾਂ ਭੇਜੋ-

Bhai Madan Singh, II-Apollo way, Perry Bar, Birmingham-20, 3ND (U.K.)

www.AKJ.Org

Regd. No. R.N. 12245/66 SURA/NOV/94 P.O. Regd. NO. PB/LD/121/94

# ਗੁਰੂ ਨਾਨਕ ਪ੍ਰਕਾਸ਼ ਉਤਸਵ ਸਲਾਨਾ ਸਮਾਗਮ ਜਲੰਧਰ ਵਿਖੇ

ਹਰ ਸਾਲ ਦੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪਕਾਸ਼ ਪੁਰਬ ੧੬ ਤੋਂ ੧੯ ਨਵੰਬਰ ਤੱਕ ਹੇਠ ਲਿਖੇ ਅਨੁਸਾਰ ਮਨਾਏ ਜਾ ਰਹੇ ਹਨ । ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੋਵੇਗਾ ।

| | ਸਵੇਰ | ਸ਼ਾਮ |
|---|---|---|
| ੧੬-੧੧-੯੪ | ਅਰੰਭ ਸ੍ਰੀ ਅਖੰਡ ਪਾਠ ਸਾਹਿਬ, ੫ ਵਜੇ ਸਵੇਰੇ ਉਪਰੋਕਤ ਸਕੂਲ ਵਿਖੇ । | ੭ ਤੋਂ ੯ ਕੀਰਤਨ ਗੁਰਦਵਾਰਾ ਅਜੀਤ ਨਗਰ । |
| ੧੭-੧੧-੯੪ | ੬ ਤੋਂ ੧੧ ਕੀਰਤਨ ਗੁਰਦੁਆਰਾ ਮਖਦੂਮ ਪੁਰਾ । | ੭ ਤੋਂ ੯ ਕੀਰਤਨ ਸਕੂਲ ਦੇ ਪੰਡਾਲ ਵਿਚ । |
| ੧੮-੧੧-੯੪ | ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ ਸਕੂਲ ਦੇ ਪੰਡਾਲ ਵਿੱਚ । | ੭ ਵਜੇ ਅਰੰਭ ਰੈਣਿ ਸਬਾਈ ਕੀਰਤਨ ਪੰਡਾਲ ਵਿੱਚ । |
| ੧੯-੧੧-੯੪ | ਸਮਾਪਤੀ ਸਵੇਰੇ ੬ ਵਜੇ । | |

**ਅੰਮ੍ਰਿਤ ਸੰਚਾਰ** : ਸਕੂਲ ਦੇ ਗੁਰਦੁਆਰੇ ਵਿਖੇ ੧੮-੧੧-੯੪ ਸ਼ਾਮ ੬ ਵਜੇ ਅਰੰਭ ਹੋਣਗੇ ।

ਦਾਸਰੇ
ਅਖੰਡ ਕੀਰਤਨੀ ਜਥਾ, ਜਲੰਧਰ ।

---

ਗੁਰਦੁਆਰਾ ਕਲਗੀਧਰ, ਦੋਰਾਹਾ ਮੰਡੀ ਵਿਖੇ ਸਲਾਨਾ ਰੈਣਿ ਸਬਾਈ ਕੀਰਤਨ, ੧੨ ਨਵੰਬਰ ਰਾਤ ਨੂੰ ਹੋਣਗੇ ।

---

## ਅੰਬਾਲਾ ਛਾਉਣੀ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ ੨੫ ਤੋਂ ੨੭ ਨਵੰਬਰ

ਭਾਈ ਮੇਵਾ ਸਿੰਘ ਜੀ ਕਸਟਮ ਆਫ਼ੀਸਰ ਦੇ ਗ੍ਰਿਹ 137-B ਗੋਬਿੰਦ ਨਗਰ ਵਿਖੇ ਅਖੰਡ ਪਾਠ ਉਪਰੰਤ ਕੀਰਤਨ ਅਖਾੜੇ ਸਜਣਗੇ ।

---

## ਪਿੰਡ ਸੁਧਾਰ (ਲੁਧਿਆਣਾ) ਗੁਰਦੁਆਰਾ ਗਿੱਲ ਪੱਤੀ ਵਿਖੇ ਰੈਣਿ ਸਬਾਈ ਕੀਰਤਨ ੩ ਦਸੰਬਰ ਰਾਤ ਨੂੰ

ਅਖੰਡ ਕੀਰਤਨੀ ਜਥਾ U.K. ਵਲੋਂ ਰੈਣਿ ਸਬਾਈ ਕੀਰਤਨ ੨੬-੧੧-੯੪ ਨੂੰ
NEW GURDWARA SRI GURU SINGH SABHA 47-49, CROSS ROAD, COVENTRY, CVB-5GR, ENGLAND TEL. : GURD. 0203-684802

ਹੋਰ ਜਾਣਕਾਰੀ ਲਈ ਭਾਈ ਅਵਤਾਰ ਸਿੰਘ ਫੋਨ : ੦੨੦੩-੬੭੮੧੫੭
ਭਾਈ ਮਹਿੰਦਰ ਸਿੰਘ ਅਲੋਵਾਲ ੦੨੦੩-੬੬੫੨੬੩

ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉੱਚੀ ਥਾਂ ਰਖੋ ਜੀ ।

---

## ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣਿ ਸਬਾਈ ਕੀਰਤਨ

ਭਾਈ ਮਨਜੀਤ ਸਿੰਘ ਦਿੱਲੀ ਵਾਲੇ ਦੇ ਗ੍ਰਿਹ ੪੬੭, ਈਸਟਮੋਹਨ ਨਗਰ ਵਿਖੇ ੩੧-੧੨-੯੪ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ੧੦ ਵਜੇ ਤੱਕ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਗੁਰਦੁਆਰਾ ਸਾਹਿਬ ਅਜੀਤ ਨਗਰ ਵਿਖੇ ।

---

## ਸਾਲਾਨਾ ਇੰਟਰਨੈਸ਼ਨਲ ਅਖੰਡ-ਕੀਰਤਨ ਸਮਾਗਮ

ਅਮਰੀਕਾ, ਕੈਨੇਡਾ, ਇੰਗਲੈਂਡ, ਇੰਡੀਆ ਆਦਿ ਦੇ ਅਖੰਡ ਕੀਰਤਨੀ ਜੱਥਿਆਂ ਵਲੋਂ ੨੪, ੨੫, ੨੬ ਅਤੇ ੨੭ ਨਵੰਬਰ ਨੂੰ ਅਮਰੀਕਾ, ਕੈਲੇਫੋਰਨੀਆ ਵਿਖੇ, ਸਨਫਰਾਂਸਿਸਕੋ ਦੇ ਆਲੇ-ਦੁਆਲੇ ਗੁਰੂ-ਘਰਾਂ ਅਤੇ ਸਿੰਘਾਂ ਦੇ ਘਰਾਂ ਵਿੱਚ ਅਖੰਡ-ਕੀਰਤਨ, ਰੈਣ-ਸਬਾਈ ਅਤੇ ਅੰਮ੍ਰਿਤ ਸੰਚਾਰ ਦੇ ਸਮਾਗਮ ਹੋ ਰਹੇ ਹਨ, ਜਿਸ ਵਿੱਚ ਨਾਮ-ਰੰਗ-ਰੱਤੜੇ, ਗੁਰਬਾਣੀ ਦੇ ਰਸੀਏ, ਗੁਰੂ ਕੇ ਕੀਰਤਨੀਏ, ਗੁਰੂ ਕੇ ਲਾਲ ਪਹੁੰਚ ਰਹੇ ਹਨ । ਸਾਧਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਵੱਧ ਚੜ੍ਹਕੇ, ਹੁਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਤਾਂ ਜੋ ਗੁਰੂ ਦੀ ਕ੍ਰਿਪਾ ਨਾਲ ਇਹ ਸਮਾਗਮ ਚੜ੍ਹਦੀ ਕਲਾ ਵਿੱਚ ਹੋਵੇ ।

ਖਾਲਸਾ-ਪੰਥ ਦੇ ਚਰਨਾਂ ਦੀ ਧੂੜ :- ਅਖੰਡ ਕੀਰਤਨੀ ਜੱਥਾ, ਅਮਰੀਕਾ ।
ਪੁੱਛ ਗਿੱਛ ਲਈ : ਭਾਈ ਰਜਿੰਦਰ ਸਿੰਘ (੫੧੦) ੪੨੯-੮੨੨੫
ਭਾਈ ਪ੍ਰਭਜੋਤ ਸਿੰਘ (੭੦੭) ੪੫੩-੧੧੧੧ ਭਾਈ ਸੁਖਦੇਵ ਸਿੰਘ (੫੧੦) ੪੪੧-੮੮੮੮

SURA (MONTHLY) KOTHI NO. 12 BLOCK I BHAI RANDHIR SINGH NAGAR, LUDHIANA
www.AKJ.org